# ਜੋਏਲ ਸੀ. ਰੋਜ਼ਨਬਰਗ ਦੇ ਲੇਖ ਵਿਚੋਂ

ਹੁਣ ਰੂਸ ਅਤੇ ਈਰਾਨ ਦੀਆਂ ਫੌਜਾਂ ਸੀਰੀਆ ਵਿੱਚ ਯੁੱਧ ਵਿੱਚ ਲੱਗੀਆਂ ਹੋਈਆਂ ਹਨ, ਲੋਕ ਪੁੱਛ ਰਹੇ ਹਨ, "ਗੋਗ ਅਤੇ ਮਗੋਗ ਦਾ ਯੁੱਧ ਕੀ ਹੈ?"

ਭਾਗ ਇੱਕ।

(ਇਸਤਾਂਬੁਲ, ਤੁਰਕੀ) – **ਰੂਸ ਅਤੇ ਇਰਾਨ ਦੀਆਂ ਫੌਜਾਂ ਹੁਣ ਇੱਕ ਦੂਸਰੇ ਨੂੰ ਸਹਿਯੋਗ ਦੇ ਰਹੀਆਂ ਹਨ ਅਤੇ ਸੀਰੀਆ ਵਿੱਚ ਯੁੱਧ ਵਿੱਚ ਲੱਗੀਆਂ ਹੋਈਆਂ ਹਨ**, ਇਸਰਾਏਲ ਦੀ ਸੀਮਾ ਦੇ ਉੱਤਰ ਵਿੱਚ ਕੇਵਲ ਕੁਝ ਮੀਲ ਉੱਤੇ, ਲੋਕ ਮੈਨੂੰ ਬਹੁਤ ਸਾਰੇ ਪ੍ਰਸ਼ਨ ਪੁੱਛ ਰਹੇ ਹਨ। ਉਨ੍ਹਾਂ ਵਿੱਚੋਂ ਕੁਝ ਇਹ ਹਨ:

- ਬਾਈਬਲ ਦੀ ਨਬੂਵਤ ਦੇ ਪਰਕਾਸ਼ ਵਿੱਚ ਕੀ ਇਨ੍ਹਾਂ ਅੰਦੋਲਨਾਂ ਦਾ ਕੋਈ ਮਹੱਤਤ ਹੈ?
- ਕੀ ਹਿਜ਼ਕੀਏਲ 38 ਅਤੇ 39 ਵਿੱਚ ਪਾਈਆਂ ਜਾਂਦੀਆਂ ਭਵਿੱਖਬਾਣੀਆਂ ਦਾ ਇਨ੍ਹਾਂ ਘਟਨਾਵਾਂ ਨਾਲ ਕੋਈ ਸਬੰਧ ਹੈ?
- ਕੀ ਹਾਲ ਹੀ ਵਿੱਚ ਹੋ ਰਹੀਆਂ ਘਟਨਾਵਾਂ ਉਸ ਦੇ ਪੂਰਾ ਹੋਣ ਲਈ ਤਿਆਰੀ ਕਰ ਰਹੀਆਂ ਹਨ ਜਿਸ ਨੂੰ ਬਾਈਬਲ ਦੇ ਵਿਦਵਾਨ "ਗੋਗ ਅਤੇ ਮਗੋਗ ਦਾ ਯੁੱਧ" ਆਖਦੇ ਹਨ, ਜੋ ਅੰਤ ਦੇ ਦਿਨਾਂ ਵਿੱਚ ਹੋਣਾ ਹੈ?

ਪਿੱਛਲੇ ਸ਼ੁਕਰਵਾਰ ਰਾਤ ਨੂੰ, ਮੈਂ ਟਰਾਂਟੋ ਵਿੱਚ ਇੱਕ ਸੰਮੇਲਨ ਵਿੱਚ **ਕਿਆਮਤ ਨਾਲ ਸਬੰਧੰਤ ਇਸਲਾਮ** ਦੇ ਵਿਸ਼ੇ ਉੱਤੇ ਬੋਲਿਆ, ਇਹ ਵੇਖਦੇ ਹੋਏ ਕਿ ਸ਼ੀਆ ਅਤੇ ਸੁੰਨੀ ਕੱਟੜਪੰਥੀ ਮੱਧ ਪੂਰਬ ਵਿੱਚ ਨਬੂਵਤ ਦੇ ਰੁਝਾਨ ਨੂੰ ਕਿਵੇਂ ਵੇਖਦੇ ਹਨ। ਸ਼ਨੀਵਾਰ ਸ਼ਾਮ ਨੂੰ, ਮੈਂ ਹਿਜ਼ਕੀਏਲ 38 ਅਤੇ 39 ਵਿੱਚੋਂ ਸਿਖਾਇਆ, ਮਸੀਹਅਤ ਦੇ ਨਰਕ ਅਤੇ ਸਵਰਗ ਦੇ ਸਿਧਾਂਤ ਦੇ ਪਰਕਾਸ਼ ਵਿੱਚ ਇਨ੍ਹਾਂ ਖਾਸ ਪ੍ਰਸ਼ਨਾਂ ਨੂੰ ਸੰਬੰਧਿਤ ਕਰਦੇ ਹੋਏ। ਉੱਥੋਂ ਮੈਂ ਇਸਤਾਂਬੁਲ ਨੂੰ ਕੁਝ ਅਰਬੀ ਮਸੀਹੀਆਂ ਨੂੰ ਕੁਝ ਮਸਲਿਆਂ ਬਾਰੇ ਮਿਲਣ ਲਈ ਗਿਆ। ਪਰ ਬਹੁਤ ਯਕੀਨ ਨਾਲ ਇਹ ਪ੍ਰਸ਼ਨ ਨਿਸ਼ਚਿਤ ਹੀ ਆਏ। ਸੰਖੇਪ ਉੱਤਰ ਇਹ ਹੈ:

- ਸੀਰੀਆ ਦੇ ਇੱਕ ਖੇਤਰ, ਜੋ ਕਿ ਇਸਰਾਏਲ ਉੱਤਰੀ ਪਹਾੜਾਂ ਦੇ ਬਹੁਤ ਨੇੜੇ ਹੈ, ਵਿੱਚ ਰੂਸ ਅਤੇ ਇਰਾਨ ਦੀਆਂ ਫੌਜਾਂ ਦੇ ਯੁੱਧ ਕਰਨ ਦੀ ਬਾਈਬਲ ਅਨੁਸਾਰ ਮਹੱਤਤਾ ਬਾਰੇ ਕੋਈ ਵੀ ਸਿੱਟਾ ਕੱਢਣਾ ਆਮ ਤੌਰ 'ਤੇ ਬਹੁਤ ਕਾਹਲੀ ਕਰਨਾ ਹੈ। ਮੈਨੂੰ ਇਸ ਸ਼ੱਕ ਦੇ ਪਰਛਾਵੇਂ ਵਿੱਚੋਂ ਬਾਹਰ ਲੈ ਜਾਣ ਲਈ ਕਿ ਇਹ ਨਬੂਵਤ ਦੀਆਂ ਘਟਨਾਵਾਂ ਹਨ, ਹੋਰ ਬਹੁਤ ਕੁਝ ਵਾਪਰਿਆ ਹੁੰਦਾ। ਅਤੇ ਮੈਂ ਮਸੀਹੀਆਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਚੌਕਸ ਹੋਣ ਅਤੇ ਸਿੱਟੇ ਕੱਢਣ ਲਈ ਕਾਹਲੀ ਨਾ ਕਰਨ। ਸਮਾਂ ਚੀਜ਼ਾਂ ਨੂੰ ਹੋਰ ਸਪੱਸ਼ਟ ਕਰੇਗਾ।
- ਕਿਹਾ ਜਾਂਦਾ ਹੈ ਕਿ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਘਟਨਾਵਾਂ "ਗੋਗ ਅਤੇ ਮਗੋਗ ਦੇ ਯੁੱਧ" ਦੀ ਸ਼ੁਰੂਆਤ ਲਈ ਤਿਆਰੀ *ਹੋ ਸਕਦੀਆਂ ਹਨ*। ਅਸੀਂ ਇਸ ਸੰਭਵਨਾਂ ਨੂੰ ਬਾਹਰ ਨਹੀਂ ਕੱਢ ਸਕਦੇ ਕਿ ਨਬੂਵਤ ਅਨੁਸਾਰ ਘਟਨਾਵਾਂ ਇੱਕ ਪ੍ਰਵਾਹ ਵਿੱਚ ਠਹਿਰਾਈਆਂ ਗਈਆਂ ਹਨ।
- ਦੂਸਰੇ ਢੰਗ ਨਾਲ ਲਿਖਣਾ: ਹਿਜ਼ਕੀਏਲ 38 ਅਤੇ 39 ਦਾ ਪੂਰਾ ਹੋਣਾ ਕਈ ਦਹਾਕੇ ਜਾਂ ਜ਼ਿਆਦਾ ਸਮਾਂ ਬਾਅਦ ਹੋ ਸਕਦਾ ਹੈ। ਪਰ ਇਹ ਹਾਲ ਹੀ ਵਿੱਚ ਹੋ ਰਹੀਆਂ ਘਟਨਾਵਾਂ – ਅਤੇ ਹੋਰ ਬਹੁਤ ਸਾਰੇ ਸਥਾਨਿਕ ਰੁਝਾਨ – ਇਸ ਤਰ੍ਹਾਂ ਜਾਪਦਾ ਹੈ ਕਿ ਹਿਜ਼ਕੀਏਲ ਦੀਆਂ ਦੀਆਂ ਭਵਿੱਖਬਾਣੀਆਂ ਦੇ ਪੂਰਾ ਹੋਣ ਲਈ ਮੰਚ ਤਿਆਰ ਕਰ ਰਹੀਆਂ ਹਨ ਅਤੇ ਕਲੀਸਿਯਾ ਨੂੰ ਇਸ ਸੰਭਵਨਾਂ ਨੂੰ ਸਮਝਣਾ ਚਾਹੀਦਾ ਹੈ ਕਿ ਇਹ ਭਵਿੱਖਬਾਣੀਆਂ ਬਹੁਤੇ ਲੋਕਾਂ ਦੀ ਉਮੀਦ ਤੋਂ ਪਹਿਲਾਂ ਪਰਗਟ ਹੋ ਸਕਦੀਆਂ ਹਨ।
- ਸਭ ਤੋਂ ਪਹਿਲਾ ਅਤੇ ਜ਼ਿਆਦਾ ਯਾਦ ਰੱਖਣ ਵਾਲਾ ਕੇਂਦਰੀ ਤੱਥ ਇਹ ਹੈ: ਹਿਜ਼ਕੀਏਲ 36 ਅਤੇ 37 ਦੀਆਂ ਭਵਿੱਖਬਾਣੀਆਂ ਪਹਿਲਾਂ ਹੀ ਵੱਡੇ ਪੱਧਰ ਉੱਤੇ ਸੱਚ ਹੋ ਚੁੱਕੀਆਂ ਹਨ। ਇਹ ਹੈ, ਭੂ ਰਾਜਨੀਤਿਕ ਦੇਸ

ਇਸਰਾਏਲ ਦੇ ਰਾਜ ਦਾ ਨਾਟਕੀ ਰੂਪ ਵਿੱਚ ਸਾਡੇ ਜੀਵਨ ਕਾਲ ਵਿੱਚ ਪੁਨਰ ਜਨਮ ਹੋ ਚੁੱਕਾ ਹੈ। ਯਹੂਦੀ ਲੋਕ ਸਦੀਆਂ ਦੀ ਗੁਲਾਮੀ ਤੋਂ ਬਾਅਦ ਪਵਿੱਤਰ ਭੂਮੀ ਵਿੱਚ ਰਹਿਣ ਅਤੇ ਕੰਮ ਕਰਨ ਲਈ ਵਾਪਸ ਆ ਰਹੇ ਹਨ। ਯਹੂਦੀ ਪ੍ਰਾਚੀਨ ਖੰਡਰਾਂ ਦਾ ਪੁਨਰ ਨਿਰਮਾਣ ਕਰ ਰਹੇ ਹਨ ਅਤੇ ਉਜਾੜ ਨੂੰ ਹਰਾ ਭਰਾ ਕਰ ਰਹੇ ਹਨ, ਜਿਵੇਂ ਕਿ ਪ੍ਰਾਚੀਨ ਨਬੀਆਂ ਨੇ ਆਖਿਆ ਕਿ ਉਹ ਕਰਨਗੇ। ਅਸੀਂ ਇਹ ਵੀ ਵੇਖ ਰਹੇ ਹਾਂ ਕਿ ਯਿਸੂ ਉੱਤੇ ਮਸੀਹਾ ਦੇ ਰੂਪ ਵਿੱਚ ਵਿਸ਼ਵਾਸ ਕਰਨ ਵਾਲੇ ਯਹੂਦੀਆਂ ਦੀ ਗਿਣਤੀ ਵਧ ਰਹੀ ਹੈ, ਹਿਜ਼ਕੀਏਲ 37 ਦੀ ਭਵਿੱਖਬਾਣੀ ਦੇ ਅਨੁਸਾਰ ਕਿ ਜਿਵੇਂ ਅੰਤ ਦੇ ਦਿਨਾਂ ਵਿੱਚ ਇਸਰਾਏਲ ਦੇਸ ਦਾ ਭੌਤਿਕ ਰੂਪ ਵਿੱਚ ਪੁਨਰ ਜਨਮ ਹੋਵੇਗਾ, ਪਰਮੇਸ਼ੁਰ ਵੀ ਆਪਣਾ ਪਵਿੱਤਰ ਆਤਮਾ ਯਹੂਦੀ ਲੋਕਾਂ ਉੱਤੇ ਵਹਾਵੇਗਾ, ਉਨ੍ਹਾਂ ਵਿੱਚੋਂ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਦਾ ਅੰਤ ਦੇ ਦਿਨਾਂ ਵਿੱਚ ਆਤਮਿਕ ਪੁਨਰ ਜਨਮ ਹੋਵੇਗਾ।

- ਇਸ ਲਈ, ਇਹ ਤੱਥ ਦਿੱਤਾ ਗਿਆ ਹੈ ਕਿ ਹਿਜ਼ਕੀਏਲ 36 ਅਤੇ 37 ਵੱਡੇ ਪੱਧਰ ਉੱਤੇ ਸੱਚ ਹੋ ਚੁੱਕਾ ਹੈ, ਸਾਨੂੰ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ: ਕੀ ਇਹ ਸੰਭਵ ਨਹੀਂ ਹੈ ਕਿ ਹਿਜ਼ਕੀਏਲ 38 ਅਤੇ 39 ਦੀਆਂ ਭਵਿੱਖਬਾਣੀਆਂ ਵੀ ਇਸੇ ਤਰ੍ਹਾਂ ਜਲਦੀ ਹੀ ਪੂਰੀਆਂ ਹੋ ਸਕਦੀਆਂ ਹਨ?

## "ਗੋਗ ਅਤੇ ਮਗੋਗ ਦਾ ਯੁੱਧ" ਕੀ ਹੈ? ਭਾਗ ਇੱਕ

ਅਗਲੇ ਬਹੁਤ ਸਾਰੇ ਸਾਲਾਂ ਲਈ, **ਮੈਂ ਹਿਜ਼ਕੀਏਲ 38 ਅਤੇ 39 ਵਿੱਚ ਪਾਈਆਂ ਜਾਂਦੀਆਂ ਭਵਿੱਖਬਾਣੀਆਂ** ਦੇ ਵਿਸ਼ਲੇਸ਼ਣ ਨੂੰ ਬਿੰਦੂ-ਦਰ-ਬਿੰਦੂ ਪ੍ਰਦਰਸ਼ਿਤ ਕਰਾਂਗਾ। ਇਸ ਦੀ ਸਾਰੇ ਦੀ ਇੱਕੋ ਵਾਰ ਵਿਆਖਿਆ ਬਹੁਤ ਜ਼ਿਆਦਾ ਹੈ। ਇਸ ਲਈ ਅਸੀਂ ਇਸ ਨੂੰ ਥੋੜ੍ਹਾ-ਥੋੜ੍ਹਾ ਕਰਕੇ ਕਰਾਂਗੇ।

ਅੱਜ, ਆਓ "ਗੋਗ" ਅਤੇ "ਮਗੋਗ" ਦੀ ਪਰਿਭਾਸ਼ਾ ਦੇਣ ਨਾਲ ਸ਼ੁਰੂ ਕਰੀਏ, ਬਾਈਬਲ ਕਦੋਂ ਇਸ਼ਾਰਾ ਕਰਦੀ ਹੈ ਕਿ ਇਹ ਭਵਿੱਖਬਾਣੀ ਪੂਰੀ ਹੋਵੇਗੀ, ਅਤੇ ਇਸਰਾਏਲ ਦੇ ਵਿਰੁੱਧ ਗਠਜੋੜ ਵਿੱਚ ਕਿਹੜੇ ਦੇਸ ਹਿੱਸਾ ਲੈਣਗੇ:

1. ਇਬਰਾਨੀ ਨਬੀ ਹਿਜ਼ਕੀਏਲ 2500 ਸਾਲ ਤੋਂ ਜ਼ਿਆਦਾ ਸਮਾਂ ਪਹਿਲਾਂ ਬਾਬੁਲ (ਇਰਾਕ) ਵਿੱਚ ਰਹਿੰਦਾ ਸੀ ਅਤੇ ਪਰਮੇਸ਼ੁਰ ਨੇ ਉਸ ਨੂੰ ਉਨ੍ਹਾਂ ਘਟਨਾਵਾਂ ਦਾ ਦਰਸ਼ਣ ਦਿੱਤਾ ਜੋ ਭਵਿੱਖ ਵਿੱਚ ਹੋਣੀਆਂ ਹਨ।
2. ਹਿਜ਼ਕੀਏਲ 38:16 ਖਾਸ ਰੂਪ ਵਿੱਚ ਸਾਨੂੰ ਦੱਸਦਾ ਹੈ ਕਿ ਇਹ ਘਟਨਾਵਾਂ "ਅੰਤ ਦੇ ਦਿਨਾਂ" ਵਿੱਚ ਹੋਣਗੀਆਂ – ਜੋ ਕਿ ਮਸੀਹ ਦੇ ਆਪਣੇ ਰਾਜ ਨੂੰ ਧਰਤੀ ਉੱਤੇ ਸਥਾਪਿਤ ਕਰਨ ਲਈ ਆਉਣ ਤੋਂ ਪਹਿਲਾਂ ਦਾ ਅੰਤ ਵਾਲਾ ਸਮਾਂ ਹੈ।
3. ਹਿਜ਼ਕੀਏਲ ਅਧਿਆਇ 36 ਅਤੇ 37 ਇਹ ਵਰਣਨ ਕਰਨ ਦੇ ਦੁਆਰਾ "ਗੋਗ ਅਤੇ ਮਗੋਗ ਦੇ ਯੁੱਧ" ਲਈ ਮੰਚ ਨੂੰ ਤਿਆਰ ਕਰਦਾ ਹੈ ਕਿ ਅੰਤ ਦੇ ਦਿਨਾਂ ਵਿੱਚ ਇਸਰਾਏਲਸ ਦਾ ਦੇਸ ਦੇ ਰੂਪ ਵਿੱਚ ਪੁਨਰ ਜਨਮ ਹੋਵੇਗਾ, ਯਹੂਦੀ ਲੋਕ ਸਾਰੇ ਸੰਸਾਰ ਵਿੱਚੋਂ ਗੁਲਾਮੀ ਵਿੱਚੋਂ ਪਵਿੱਤਰ ਭੂਮੀ ਨੂੰ ਵਾਪਸ ਆਉਣਗੇ, ਯਹੂਦੀ ਲੋਕ ਪ੍ਰਾਚੀਨ ਖੰਡਰਾਂ ਦਾ ਪੁਨਰ ਨਿਰਮਾਣ ਕਰਨਗੇ ਅਤੇ ਉਜਾੜ ਨੂੰ ਹਰਾ ਭਰਾ ਕਰਨਗੇ। ਇਹ ਸਾਰੀਆਂ ਚੀਜ਼ਾਂ ਹੋ ਚੁੱਕੀਆਂ ਹਨ ਅਤੇ ਇਹ ਦੱਸਦਾ ਹੈ ਕਿ ਅਸੀਂ ਭਵਿੱਖਬਾਣੀਆਂ ਦੇ ਅਗਲੇ ਸਮੂਹ ਦੇ ਪੂਰੇ ਹੋਣ ਦੇ ਨੇੜ੍ਹੇ ਹਾਂ।
4. ਹਿਜ਼ਕੀਏਲ 38:2 ਸਾਨੂੰ ਦੱਸਦੀ ਹੈ ਕਿ ਯੁੱਧ ਦੀ ਅਗਵਾਈ ਉਸ ਦੁਆਰਾ ਹੋਣੀ ਹੈ ਜਿਸ ਦਾ ਨਾਮ "ਗੋਗ" ਹੈ। ਇਹ ਵਿਅਕਤੀਗਤ ਨਾਮ ਨਹੀਂ ਹੈ। ਅਸੀਂ ਕਿਸੇ ਅਜਿਹੇ ਨੂੰ ਨਹੀਂ ਉਡੀਕ ਰਹੇ ਜਿਸ ਦਾ ਨਾਮ ਡੇਵਿਡ ਗੋਗ ਹੈ। ਜਾਂ ਅਹਿਮਦ ਗੋਗ। ਜਾਂ ਦਮਿਤਰੀ ਗੋਗ। ਸਗੋਂ "ਗੋਗ" ਸਿਰਲੇਖ ਹੈ, ਜਿਵੇਂ ਕਿ "ਫਿਰਊਨ" ਜਾਂ "ਕੇਸਰ"। ਭਵਿੱਖਬਾਣੀ ਦੇ ਵਿੱਚ ਇਸ ਗੋਗ ਨੂੰ ਫੌਜ ਦੇ ਸਰਦਾਰ, ਰਾਜਨੀਤਿਕ ਨੇਤਾ ਅਤੇ ਗਠਜੋੜ ਕਰਨ ਵਾਲੇ ਦੇ ਰੂਪ ਵਿੱਚ ਵਿਖਾਇਆ ਗਿਆ ਹੈ। ਹਿਜ਼ਕੀਏਲ 38:10 ਵਿੱਚ ਉਸ ਦਾ ਵਰਣਨ "ਬਦੀ ਦੀ ਯੋਜਨਾ" ਬਣਾਉਣ ਵਾਲੇ ਦੇ ਰੂਪ ਵਿੱਚ ਕੀਤਾ ਗਿਆ ਹੈ, ਅਸੀਂ ਜਾਣਦੇ ਹਾਂ ਕਿ ਇਹ ਇੱਕ ਬੁਰਾ ਮਨੁੱਖ ਹੈ, ਇੱਕ ਤਾਨਾਸ਼ਾਹ।

5. ਇਬਰਾਨੀ ਨਬੀ ਸਾਨੂੰ ਹੋਰ ਸੁਰਾਗ ਦਿੰਦਾ ਹੈ। ਇਹ "ਗੋਗ" "ਮਗੋਗ ਦੇ ਦੇਸ" ਤੋਂ ਹੋਵੇਗਾ। ਕਿਸੇ ਨੂੰ ਇਹ ਨਿਸ਼ਚਿਤ ਕਰਨ ਲਈ ਕਿ ਮਗੋਗ ਕੀ ਹੈ ਇਤਿਹਾਸਿਕ ਜਸੂਸੀ ਦਾ ਕੰਮ ਕਰਨ ਦੀ ਲੋੜ ਹੈ, ਪਰ ਇਹ ਸੰਭਵ ਹੈ। ਫਲੇਵਿਉਸ ਜੋਸੇਫੁਸ, ਪਹਿਲੀ ਸਦੀ ਦਾ ਰੋਮੀ ਇਤਿਹਾਸਕਾਰ, ਉਸ ਨੇ ਆਪਣੀ ਪ੍ਰਸਿੱਧ ਪੁਸਤਕ ਯਹੂਦੀਆਂ ਦੀ ਪੁਰਾਤਨਤਾ ਵਿੱਚ ਲਿਖਿਆ ਕਿ ਮਗੋਗ ਦੇ ਲੋਕ ਉਹ ਲੋਕ ਹਨ ਜਿਨ੍ਹਾਂ ਨੂੰ ਯੂਨਾਨੀ "ਸਕੈਥੀਅਨ" ਆਖਦੇ ਹਨ। ਇਹ ਸੁਰਾਗ ਮਹੱਤਵਪੂਰਣ ਹੈ ਕਿਉਂਕਿ ਅਸੀਂ ਇਤਿਹਾਸ ਤੋਂ ਜਾਣਦੇ ਹਾਂ ਕਿ ਸਕੈਥੀਅਨ ਲੋਕਾਂ ਦਾ ਇੱਕ ਸਮੂਹ ਸੀ ਜੋ ਮੱਧ ਪੂਰਬ ਤੋਂ ਉਤਰ ਵੱਲ ਨੂੰ ਚਲੇ ਗਏ ਸਨ ਅਤੇ ਕਾਲੇ ਸਾਗਰ ਦੇ ਉਤਰ ਵਿੱਚ ਅਤੇ ਕੈਸਪੀਅਨ ਸਾਗਰ ਦੇ ਇਲਾਕੇ ਵਿੱਚ ਰਹਿਣ ਲੱਗੇ, ਜਿਸ ਨੂੰ ਅੱਜ ਅਸੀਂ ਰੂਸ ਦੇ ਰੂਪ ਵਿੱਚ ਜਾਣਦੇ ਹਾਂ ਅਤੇ ਪਹਿਲਾਂ ਦਾ ਸੋਵੀਅਤ ਸੰਘ।
6. ਇਸੇ ਤਰ੍ਹਾਂ ਹੋਰ ਵੀ ਦਿਲਚਸਪ ਸੁਰਾਗ ਹਨ। ਹਿਜ਼ਕੀਏਲ 38:15 ਆਖਦਾ ਹੈ ਕਿ ਗੋਗ "ਆਪਣੇ ਸਥਾਨ ਤੋਂ ਉਤਰ ਵੱਲੋਂ ਦੁਰੇਡਿਓਂ ਆਵੇਗਾ"। ਹਿਜ਼ਕੀਏਲ 39:2 ਆਖਦਾ ਹੈ ਕਿ ਗੋਗ "ਉਤਰ ਵੱਲੋਂ ਦੁਰੇਡਿਓਂ" ਆਵੇਗਾ ਅਤੇ "ਇਸਰਾਏਲ ਦੇ ਪਰਬਤਾਂ" ਦੇ ਵਿਰੁੱਧ ਆਵੇਗਾ। ਜਿਹੜਾ ਉਤਰ ਵਿੱਚ ਇਸਰਾਏਲ ਤੋਂ ਸਭ ਤੋਂ ਦੂਰ ਦੇਸ ਹੈ, ਉਹ ਹੈ ਰੂਸ।
7. ਇਸ ਲਈ ਅਸੀਂ ਇਹ ਆਖ ਸਕਦੇ ਹਾਂ ਕਿ ਰੂਸ ਦਾ ਤਾਨਾਸ਼ਾਹ ਅੰਤ ਦੇ ਸਮੇਂ ਇਸਰਾਏਲ ਦੇਸ ਨੂੰ ਘੇਰਨ ਅਤੇ ਇਸ ਉੱਤੇ ਹਮਲਾ ਕਰਨ ਲਈ ਰਾਜਨੀਤਿਕ ਅਤੇ ਫੌਜਦਾਰੀ ਗਠਜੋੜ ਕਰੇਗਾ।
8. ਫਿਰ ਇਹ ਪ੍ਰਸ਼ਨ ਹੈ ਕਿ ਹੋਰ ਕਿਹੜੇ ਦੇਸ ਗਠਜੋੜ ਦਾ ਹਿੱਸਾ ਹੋਣਗੇ?
9. ਹਿਜ਼ਕੀਏਲ 38:5 ਤੋਂ ਅਸੀਂ ਜਾਣਦੇ ਹਾਂ ਕਿ ਰੂਸ ਦਾ ਪਹਿਲਾ ਮਿੱਤਰ "ਫਾਰਸ" ਹੋਵੇਗਾ। 1935 ਤੱਕ, ਬਿਨ੍ਹਾਂ ਸ਼ੱਕ, ਫਾਰਸ ਦੇਸ ਦਾ ਕਨੂੰਨੀ ਨਾਮ ਸੀ ਜਿਸ ਨੂੰ ਅੱਜ ਅਸੀਂ ਇਰਾਨ ਦੇ ਨਾਮ ਨਾਲ ਜਾਣਦੇ ਹਾਂ। ਇਸ ਲਈ ਅਸੀਂ ਜਾਣਦੇ ਹਾਂ ਕਿ ਰੂਸ ਅਤੇ ਇਰਾਨ ਅੰਤ ਦਿਨਾਂ ਵਿੱਚ ਇਸਰਾਏਲ ਉੱਤੇ ਹਮਲਾ ਕਰਨ ਲਈ ਇੱਕ ਸੰਧੀ ਕਰਨਗੇ।
10. ਹਿਜ਼ਕੀਏਲ ਸਾਨੂੰ ਦੱਸਦਾ ਹੈ ਕਿ ਸੰਧੀ ਵਿੱਚ ਹੋਰ ਜਿਹੜਾ ਦੇਸ ਹੋਵੇਗਾ ਉਸ ਦਾ ਬਾਈਬਲ ਦੇ ਕਈ ਅੰਗਰੇਜ਼ੀ ਅਨੁਵਾਦਾਂ ਵਿੱਚ ਨਾਮ "ਇਥੋਪੀਆ" ਲਿਖਿਆ ਗਿਆ ਹੈ। ਹਾਲਾਂਕਿ ਇਸ ਦੇ ਲਈ ਇਬਰਾਨੀ ਸ਼ਬਦ "ਕੂਸ਼" ਹੈ ਅਤੇ ਕੂਸ਼ ਨੀਲ ਦੇ ਉਪਰਲਾ ਇਲਾਕਾ ਹੈ ਜਿਸ ਨੂੰ ਅਸੀਂ ਸੁਡਾਨ ਦੇ ਨਾਮ ਨਾਲ ਜਾਣਦੇ ਹਾਂ। ਜਦੋਂ ਕਿ ਇਥੋਪੀਆ ਦਾ ਹੁਣ ਦਾ ਰਾਜ ਵੀ ਯੁੱਧ ਵਿੱਚ ਸ਼ਾਮਲ ਹੋ ਸਕਦਾ ਹੈ, ਪਰ ਕੇਂਦਰ ਸੁਡਾਨ ਹੈ, ਜੋ ਅੱਜ ਬਿਨ੍ਹਾਂ ਸ਼ੱਕ ਮੌਲਿਕ ਸੁੰਨੀ ਰਾਜ ਹੈ ਅਤੇ ਇਰਾਨ ਅਤੇ ਰੂਸ ਦਾ ਗੂੜਾ ਮਿੱਤਰ ਹੈ ਅਤੇ ਬਹੁਤ ਜ਼ਿਆਦਾ ਯਹੂਦੀ-ਵਿਰੋਧੀ ਅਤੇ ਇਸਰਾਏਲ-ਵਿਰੋਧੀ ਹੈ।
11. ਅੱਗੇ ਹਿਜ਼ਕੀਏਲ ਆਖਦਾ ਹੈ ਕਿ ਸੰਧੀ ਦਾ ਹਿੱਸਾ ਉਹ ਦੇਸ ਹੋਵੇਗਾ ਜਿਸ ਨੂੰ "ਪੂਤ" ਕਿਹਾ ਜਾਂਦਾ ਹੈ। ਜੋਸੁਫੁਸ "ਪੂਤ" ਨੂੰ "ਪ੍ਰਾਚੀਨ ਲੈਬੀਓਸ" ਦੇ ਰੂਪ ਵਿੱਚ ਪਹਿਚਾਣਦਾ ਹੈ - ਉਹ ਖੇਤਰ ਜਿਸ ਨੂੰ ਅਸੀਂ ਅੱਜ ਲੀਬੀਆ ਅਤੇ ਅਲਜੀਰੀਆ ਆਖਦੇ ਹਾਂ। ਦਿਲਚਸਪੀ ਦੀ ਗੱਲ ਹੈ ਕਿ ਦੋਵੇਂ ਦੇਸ ਇਸਰਾਏਲ ਦੇ ਵੱਡੇ ਵੈਰੀ ਹਨ ਅਤੇ ਰੂਸ ਦੇ ਗੂੜੇ ਮਿੱਤਰ ਹਨ।
12. ਅਗਲੇ ਦੇਸ "ਗੋਮਰ" ਦਾ ਜ਼ਿਕਰ ਕੀਤਾ ਗਿਆ ਹੈ। ਜਦੋਂ ਕੋਈ ਇਤਿਹਾਸਿਕ ਜਸੂਸੀ ਦਾ ਕੰਮ ਕਰਦਾ ਹੈ, ਤਾਂ ਜਾਣਦਾ ਹੈ ਕਿ ਗੋਮਰ ਉਹ ਹੈ ਜਿਸ ਨੂੰ ਅਸੀਂ ਅੱਜ ਤੁਰਕੀ ਆਖਦੇ ਹਾਂ। ਪਿੱਛਲੇ 80 ਸਾਲਾਂ ਤੋਂ ਜ਼ਿਆਦਾ ਸਮੇਂ ਤੋਂ ਇਸ ਦਾ ਅਰਥ ਨਹੀਂ ਜਾਪਦਾ ਕਿ ਤੁਰਕੀ ਇਸਰਾਏਲ ਦੇ ਵਿਰੋਧ ਵਿੱਚ ਹੋਵੇਗਾ। ਕਿਉਂ? ਤੁਰਕੀ ਨਾਟੋ ਦਾ ਮਿੱਤਰ ਅਤੇ ਇਸਰਾਏਲ, ਅਮਰੀਕਾ ਅਤੇ ਯੂਰਪੀ ਯੂਨੀਅਨ ਦਾ ਇੱਕ ਮਿੱਤਰ ਸੀ। ਪਰ ਪਿੱਛਲੇ ਕੁਝ ਸਾਲਾਂ ਵਿੱਚ ਤੁਰਕੀ ਦੀ ਸਰਕਾਰ ਨਾਟਕੀ ਢੰਗ ਨਾਲ ਪੱਛਮ ਤੋਂ ਰੂਸ ਅਤੇ ਇਰਾਨ ਵੱਲ ਘੁੰਮ ਗਈ ਹੈ ਅਤੇ ਇਸਰਾਏਲ ਰਾਜ ਦੀ ਵੱਡੀ ਦੁਸ਼ਮਣ ਬਣ ਗਈ ਹੈ।

13. ਅਗਲਾ ਦੇਸ ਜਿਸ ਦਾ ਹਿਜ਼ਕੀਏਲ ਜ਼ਿਕਰ ਕਰਦਾ ਹੈ, ਉਹ ਹੈ "ਬੈਥ ਤੋਗਰਮਾ"। ਇਹ ਤੁਰਕੀ ਬੋਲਣ ਵਾਲੇ ਲੋਕ ਹਨ ਜੋ ਤੁਰਕੀ ਤੋਂ ਕਾਕਾਸਸ ਅਤੇ ਕੇਂਦਰੀ ਏਸ਼ੀਆ ਵਿੱਚ ਫੈਲ ਗਏ। ਅਸੀਂ ਪੂਰੀ ਤਰ੍ਹਾਂ ਨਾਲ ਨਿਸ਼ਚਿਤ ਨਹੀਂ ਹੋ ਸਕਦੇ ਕਿ ਇਸ ਖੇਤਰ ਤੋਂ ਕਿਹੜੇ ਅਧੁਨਿਕ ਰਾਸ਼ਟਰ ਰਾਜ ਇਸਰਾਏਲ-ਵਿਰੋਧੀ ਸੰਧੀ ਵਿੱਚ ਸ਼ਾਮਲ ਹੋਣਗੇ, ਕਿਉਂਕਿ ਇਹ ਲੱਗਭਗ ਸਾਰੇ ਹੀ ਮੁਸਲਿਮ ਦੇਸ ਹਨ, ਜਿਨ੍ਹਾਂ ਦੇ ਰੂਸ ਅਤੇ ਇਰਾਨ ਨਾਲ ਗੂੜੇ ਸਬੰਧ ਹਨ।
14. ਦਿਲਚਸਪੀ ਦੀ ਗੱਲ ਹੈ ਕਿ ਹਿਜ਼ਕੀਏਲ ਦੁਆਰਾ ਮਿਸਰ ਦਾ ਜ਼ਿਕਰ ਰੂਸ-ਇਰਾਨ ਦੀ ਇਸਰਾਏਲ ਵਿਰੋਧੀ ਸੰਧੀ ਦੇ ਹਿੱਸੇ ਵਜੋਂ ਨਹੀਂ ਕੀਤਾ ਗਿਆ ਹੈ। ਇਹ ਦਿਲਚਸਪੀ ਦੀ ਗੱਲ ਹੈ ਕਿਉਂਕਿ ਮਿਸਰ ਇਸਰਾਏਲ ਅਤੇ ਯਹੂਦੀ ਲੋਕਾਂ ਦਾ ਇਤਿਹਾਸਕ ਦੁਸ਼ਮਣ ਹੈ। ਕਿਹਾ ਜਾਂਦਾ ਹੈ ਕਿ ਗੋਗ ਅਤੇ ਮਗੋਗ ਦੇ ਯੁੱਧ ਵਿੱਚ ਮਿਸਰ ਦਾ ਨਾ ਸ਼ਾਮਲ ਹੋਣਾ, 1979 ਵਿੱਚ ਮਿਸਰ ਦੁਆਰਾ ਇਸਰਾਏਲ ਨਾਲ ਕੀਤੀ ਗਈ ਸ਼ਾਂਤੀ ਦੀ ਸੰਧੀ ਦੇ ਕਾਰਨ ਹੋ ਸਕਦਾ ਹੈ। ਇਹ ਸੰਧੀ ਹੁਣ ਅਸਫਲ ਹੋਣ ਦੇ ਖਤਰੇ ਵਿੱਚ ਹੈ, ਪਰ ਘੱਟੋ ਘੱਟ ਹੁਣ ਦੇ ਸਮੇਂ ਅਨੁਸਾਰ ਜਾਪਦਾ ਹੈ ਕਿ ਮਿਸਰ ਇਸਰਾਏਲ ਨਾਲ ਯੁੱਧ ਕਰਨ ਦੇ ਖੇਤਰ ਵਿੱਚ ਨਹੀਂ ਹੈ।
15. ਇਰਾਕ – ਭਾਵੇਂ ਇਸ ਦੇ ਬਾਈਬਲ ਅਨੁਸਾਰ ਨਾਮ ਬਾਬੇਲ, ਬਾਬੁਲ, ਬੇਬੀਲੋਨ, ਸ਼ਨਿਾਰ, ਜਾ ਮੇਸੋਪੋਟਾਮੀਆ – ਦਾ ਜ਼ਿਕਰ ਭਵਿੱਖਬਾਣੀ ਵਿੱਚ ਨਹੀਂ ਕੀਤਾ ਗਿਆ, ਭਾਵੇਂ ਕਿ ਇਹ ਵੀ ਇਸਰਾਏਲ ਦਾ ਇਤਿਹਾਸਕ ਦੁਸ਼ਮਣ ਹੈ। ਭਾਵੇਂ, 2003 ਵਿੱਚ ਇਰਾਕ ਦੀ ਅਜ਼ਾਦੀ ਨੇ ਅਗਾਮੀ ਹਿੰਸਾ ਦਿੱਤੀ ਹੈ ਅਤੇ ਪੁਨਰ ਨਿਰਮਾਣ ਚੱਲ ਰਿਹਾ ਹੈ, ਹੁਣ ਦੇ ਸਮੇਂ ਵਿੱਚ ਇਸ ਤਰ੍ਹਾਂ ਨਹੀਂ ਜਾਪਦਾ ਕਿ ਇਰਾਕ ਇਸਰਾਏਲ ਨਾਲ ਯੁੱਧ ਕਰੇਗਾ।
16. ਸੀਰੀਆ ਅਤੇ ਲਬਨਾਨ ਦਾ ਵੀ ਭਵਿੱਖਬਾਣੀ ਵਿੱਚ ਨਾਮ ਤੋਂ ਜ਼ਿਕਰ ਨਹੀਂ ਕੀਤਾ ਗਿਆ। ਪਰ, ਹਿਜ਼ਕੀਏਲ ਸਾਨੂੰ ਦੱਸਦਾ ਹੈ ਕਿ ਇਸਰਾਏਲ ਦੇ ਵਿਰੁੱਧ ਆਉਣ ਵਾਲੀ ਮੁੱਖ ਫੌਜ ਉਤਰ ਤੋਂ ਆਵੇਗੀ, ਜਿਸ ਦਾ ਅਰਥ ਹੈ ਕਿ ਉਹ ਸੀਰੀਆ ਅਤੇ ਲਬਨਾਨ ਦੇ ਵਿੱਚੋਂ ਦੀ ਆਉਣਗੇ।

ਮੇਰੇ ਅਗਲੇ ਪੱਤਰ ਵਿੱਚ, ਮੈਂ ਵਿਆਖਿਆ ਕਰਾਂਗਾ ਕਿ ਇਹ ਗਠਜੋੜ ਕੀ ਕਰਦਾ ਹੈ ਅਤੇ "ਗੋਗ ਅਤੇ ਮਗੋਗ ਦਾ ਯੁੱਧ" ਕਿਵੇਂ ਪਰਗਟ ਹੋਵੇਗਾ।

---------

ਭਾਗ 2

ਇਸਰਾਏਲ ਗੋਲਾਨ ਦੀਆਂ ਉੱਚਾਈਆਂ ਵਿੱਚ ਤੇਲ ਦੀ ਵੱਡੀ ਖੋਜ ਕਰਦਾ ਹੈ। ਕੀ ਇਹ "ਗੋਗ ਅਤੇ ਮਗੋਗ ਦੇ ਯੁੱਧ" ਲਈ ਪ੍ਰਸਤਾਵਨਾ ਹੈ? ਇੱਥੇ ਉੱਤਰ ਹੈ,
ਭਾਗ ਦੋ।

1. **ਆਉਣ ਵਾਲੀ ਰੂਸੀ-ਇਰਾਨੀ ਫੌਜੀ ਸੰਧੀ ਯੁੱਧ ਵਿੱਚ ਦਾਖਲ ਹੁੰਦੀ ਹੈ।** ਪਹਿਲੀ ਕਹਾਣੀ ਜਿਸ ਦੀ ਮੈਂ ਪਹਿਲਾਂ ਹੀ ਇਸ ਬਲਾਗ ਉੱਤੇ **ਵਿਆਖਿਆ ਕੀਤੀ** ਹੈ, ਪਰ ਇਸ ਦੀ ਮਹੱਤਤਾ ਨੂੰ ਵਧਾ ਚੜ੍ਹਾ ਕੇ ਦੱਸਿਆ ਨਹੀਂ ਜਾ ਸਕਦਾ। ਅਸੀਂ ਰੂਸ ਅਤੇ ਇਰਾਨ ਦੀ ਹੈਰਾਨ ਕਰਨ ਵਾਲੀ ਚਾਲ ਦੀ ਗਵਾਹੀ ਦਿੰਦੇ ਹਾਂ ਜਦੋਂ ਉਹ ਫੌਜੀ ਬਲਾਂ ਨੂੰ ਯੁੱਧ ਵਿੱਚ ਸੀਰੀਆ ਵਿੱਚ ਭੇਜਦੇ ਹਨ। ਪਹਿਲੀ ਵਾਰ ਇਹ ਦੋ ਦੇਸ – ਇਤਿਹਾਸਿਕ ਦੁਸ਼ਮਣ – ਫੌਜੀ ਸੰਧੀ ਵਿੱਚ ਮਿਲਕੇ ਕੰਮ ਕਰ ਰਹੇ ਹਨ, ਇੱਕ ਇਹ ਕਿ ਇਸ ਦੇ ਖੇਤਰ ਦੀ ਸੁਰੱਖਿਆ ਲਈ ਗੰਭੀਰ ਨਤੀਜੇ ਹੋਣਗੇ ਅਤੇ ਇੱਕ ਇਹ ਕਿ ਇਹ ਇਸਰਾਏਲ ਦੀ ਸੁਰੱਖਿਆ ਲਈ ਵੱਡਾ ਖਤਰਾ ਖੜ੍ਹਾ ਕਰਦੀ ਹੈ।
2. **ਇਸਰਾਏਲ ਤੇਲ ਦੀ ਵੱਡੀ ਖੋਜ ਕਰਦਾ ਹੈ।** ਦੂਸਰੀ ਵੱਡੀ ਕਹਾਣੀ ਜਿਸ ਦੀ ਮੈਂ ਟਵਿੱਟਰ ਉੱਤੇ ਵਿਆਖਿਆ ਕੀਤੀ ਪਰ ਅਜੇ ਇਸ ਬਲਾਗ ਉੱਤੇ ਨਹੀਂ ਕੀਤੀ। ਇਸਰਾਏਲ ਨੇ ਪਿੱਛਲੇ ਹਫ਼ਤੇ ਗੋਲਾਨ ਦੀਆਂ ਉੱਚਾਈਆਂ ਵਿੱਚ ਤੇਲ ਦੇ ਇੱਕ ਵੱਡੇ ਭਾਗ ਦੀ ਖੋਜ ਦੀ ਘੋਸ਼ਣਾ ਕੀਤੀ ਹੈ, ਜੋ ਕਿ ਸੀਰੀਆ ਦੀ ਸੀਮਾ ਦੇ

ਨਾਲ ਹੈ, ਜੋ ਯਹੂਦੀ ਰਾਜ ਨੂੰ ਆਉਣ ਵਾਲੀਆਂ ਸਦੀਆਂ ਲਈ ਉਰਜਾ ਦੇ ਲਈ ਸਵੈ-ਨਿਰਭਰ ਬਣਾ ਦੇਵੇਗਾ। ਮੈਂ ਪਿੱਛੇ ਇਸਰਾਏਲ ਦੀ ਮੱਧਵਰਤੀ ਤੱਟ ਉੱਤੇ ਕੁਦਰਤੀ ਗੈਸ ਦੀ ਵੱਡੀ ਮਾਤਰਾ ਵਿੱਚ ਖੋਜ ਕਰਨ ਦੀ **ਖ਼ਬਰ ਦਿੱਤੀ**। ਪਰ ਜਦੋਂ ਕਿ ਇਸਰਾਏਲ ਦੇ ਵਿੱਚ ਤੇਲ ਹੋਣ ਦੇ ਸੱਟੇ ਹੀ ਸਨ, ਹੁਣ ਤੱਕ ਦੀ ਵੱਡੀ ਖੋਜ ਦੀ ਪੁਸ਼ਟੀ ਕੀਤੀ ਗਈ।

“ਉਰਜਾ ਦੇ ਭੂ-ਵਿਗਿਆਨੀ ਅੰਦਾਜ਼ਾ ਲਾਉਂਦੇ ਹਨ ਕਿ ਕੱਚੇ ਤੇਲ ਦੇ ਕਈ ਬਿਲੀਅਨ ਬੈਰਲ ਗੋਲਾਨ ਦੀਆਂ ਉੱਚਾਈਆਂ ਵਿੱਚ ਪੱਥਰ ਵਿੱਚ ਹਨ, ਪਰ ਕੀ ਇਸਰਾਏਲ ਇਸ ਨੂੰ ਪਾਉਣ ਦੇ ਯੋਗ ਹੋਵੇਗਾ? ਜੇਕਰ ਇਹ ਹੋ ਸਕਦਾ ਹੈ, ਤਾਂ ਇਹ ਖੇਤਰ ਯਹੂਦੀ ਰਾਜ ਨੂੰ ਕਈ ਸਾਲਾਂ ਲਈ ਤੇਲ ਵਿੱਚ ਸਵੈ-ਸੰਤੁਸ਼ਟ ਬਣਾ ਸਕਦਾ ਹੈ,” NASDAQ ਤੋਂ ਇੱਕ ਖ਼ਬਰ ਵਿਆਖਿਆ ਕਰਦੀ ਹੈ। “ਅਫ਼ੇਕ ਆਇਲ ਐਂਡ ਗੈਸ ਅਮਰੀਕੀ ਕੰਪਨੀ ਜੇਨੀ ਐਨਰਜ਼ੀ ਦਾ ਇੱਕ ਵਿਭਾਗ ਗੋਲਾਨ ਦੇ ਪਰਬਤਾਂ ਵਿੱਚ ਇੱਕ ਸਾਲ ਤੋਂ ਜ਼ਿਆਦਾ ਸਮੇਂ ਤੋਂ ਖੁਦਾਈ ਕਰ ਰਿਹਾ ਸੀ ਅਤੇ ਸਤੰਬਰ ਵਿੱਚ ਪੱਥਰ ਹੋਣ ਦੀ ਖੋਜ਼ ਦੀ ਘੋਸ਼ਣਾ ਕੀਤੀ। ਪਰ 7 ਅਕਤੂਬਰ ਤੱਕ ਖੇਤਰ ਦੇ ਅਕਾਰ ਦੀ ਪੁਸ਼ਟੀ ਨਹੀਂ ਕੀਤੀ ਗਈ ਸੀ। ਇਸ ਦੇ ਚੈਨਲ 2 ਨਿਊਜ਼ ਨਾਲ ਇੱਕ ਮੁਲਾਕਾਤ ਵਿੱਚ ਕੰਪਨੀ ਦੇ ਮੁੱਖ ਭੂ ਵਿਆਗਿਆਨੀ ਨੇ ਯੁਵਲ ਬਾਰਤੋਵ ਨੇ ਕਿਹਾ, “ਅਸੀਂ ਪਰਤ ਦੇ ਬਾਰੇ ਗੱਲ ਕਰ ਰਹੇ ਹਾਂ ਜੋ 350 ਮੀਟਰ ਮੋਟੀ ਹੈ ਅਤੇ ਜੋ ਮਹੱਤਵਪੂਰਣ ਹੈ ਉਹ ਹੈ ਮੋਟਾਈ ਅਤੇ ਪੋਰਸਿਟੀ … ਸੰਸਾਰ ਵਿੱਚ ਔਸਤਨ ਪਰਤ ਦੀ ਮੋਟਾਈ 20-30 ਮੀਟਰ ਹੁੰਦੀ ਹੈ, ਇਸ ਲਈ ਇਹ ਦਸ ਗੁਣਾ ਵੱਡੀ ਹੈ, ਇਸ ਲਈ ਅਸੀਂ ਮਹੱਤਵਪੂਰਣ ਗਿਣਤੀਆਂ ਦੇ ਬਾਰੇ ਦੱਸਦੇ ਹਾਂ। ਜਾਣਨ ਲਈ ਮਹੱਤਵਪੂਰਣ ਇਹ ਗੱਲ ਹੈ ਕਿ ਚਟਾਨ ਵਿੱਚ ਤੇਲ ਹੈ ਅਤੇ ਇਹੋ ਅਸੀਂ ਜਾਣਦੇ ਹਾਂ”।

ਇਨ੍ਹਾਂ ਸੁਰਖੀਆਂ ਉੱਤੇ ਵੀ ਧਿਆਨ ਦੇਵੋ:

- **ਗੋਲਾਨ ਦੇ ਪਰਬਤਾਂ ਵਿੱਚ ਤੇਲ ਦੀ ਵੱਡੀ ਖੋਜ਼ (ਗਲੋਬਸ, ਇਸਰਾਏਲ ਦਾ ਆਰਥਿਕ ਅਖਬਾਰ)**
- **ਮਿਲੀ ਹੋਈ ਵੱਡੀ ਪਰਤ ਇਸਰਾਏਲ ਵਿੱਚ ਕਈ ਸਾਲਾਂ ਤੱਕ ਤੇਲ ਦੀ ਸਪਲਾਈ ਦਾ ਭਰੋਸਾ ਹੈ (NASDAQ)**
- **ਭੂ ਵਿਗਿਆਨੀ ਦੱਸਦੇ ਹਨ ਕਿ ਇਸਰਾਏਲ ਵਿੱਚ ਤੇਲ ਦੀ ਵੱਡੀ ਮਾਤਰਾ ਮਿਲੀ ਹੈ (ਹਾਰੇਟਜ਼)**
- **ਆਖਿਆ ਜਾਂਦਾ ਹੈ ਕਿ ਗੋਲਾਨ ਵਿੱਚ ਤੇਲ ਦੀ ਵੱਡੀ ਮਾਤਰਾ ਮਿਲੀ ਹੈ (ਟਾਈਮਸ ਆਫ ਇਸਰਾਏਲ)**

ਮੇਰੇ ਨਾਵਲਾਂ ਅਤੇ ਮੇਰੀਆਂ ਕਹਾਣੀਆਂ ਰਹਿਤ ਕਿਤਾਬਾਂ ਨੂੰ ਪੜ੍ਹਣ ਵਾਲੇ ਇਸ ਨੂੰ ਯਾਦ ਕਰਨਗੇ ਜਿੱਥੇ ਮੈਂ ਦੱਸਿਆ ਸੀ ਕਿ ਇੱਕ ਦਿਨ ਇਸ ਤਰ੍ਹਾਂ ਦੀਆਂ ਘਟਨਾਵਾਂ ਹੋਣਗੀਆਂ ਅਤੇ ਹਿਜ਼ਕੀਏਲ 38 ਅਤੇ 39 ਦੀਆਂ ਭਵਿੱਖਬਾਣੀਆਂ ਦੇ ਪੂਰਾ ਹੋਣ ਲਈ ਤਿਆਰ ਕਰਨਗੀਆਂ, ਜਿਸ ਨੂੰ ਬਾਈਬਲ ਦੇ ਵਿਦਵਾਨ “ਗੋਗ ਮਗੋਗ ਦਾ ਯੁੱਧ” ਆਖਦੇ ਹਨ। ਉਦਾਹਰਣ ਲਈ ***EpIcenter*** ਵਿੱਚ, ਮੈਂ ਹੇਠਾਂ ਦਿੱਤੀਆਂ ਸੁਰਖੀਆਂ ਦੀ ਭਵਿੱਖਬਾਣੀ ਕੀਤੀ ਸੀ:

- “ਭਵਿੱਖ ਦੀ ਸੁਰਖੀ: ਇਸਰਾਏਲ ਤੇਲ, ਗੈਸ ਦੀ ਵੱਡੀ ਖੋਜ਼ ਕਰਦਾ ਹੈ”
- “ਭਵਿੱਖ ਦੀ ਸੁਰਖੀ: ਸੰਧੀਆ ਅਤੇ ਸਮਝੌਤੇ ਇਸਰਾਏਲ ਨੂੰ ਪਹਿਲਾਂ ਨਾਲੋਂ ਜ਼ਿਆਦਾ ਸੁਰੱਖਿਅਤ ਕਰਦੀਆਂ ਹਨ”
- “ਭਵਿੱਖ ਦੀ ਸੁਰਖੀ: ਰੂਸ ਦੇ ਵਿੱਚ ਸਮਰਾਟ ਉੱਠ ਰਿਹਾ ਹੈ, ਜਿਸ ਨਾਲ ਨਵੇਂ ਠੰਡੇ ਯੁੱਧ ਦਾ ਡਰ ਵੀ ਉੱਠ ਰਿਹਾ ਹੈ”
- “ਭਵਿੱਖ ਦੀ ਸੁਰਖੀ: ਕ੍ਰੇਮਲਿਨ ਜੋਇਨਸ “ਬੁਰਾਈ ਦਾ ਧੁਰਾ” ਇਰਾਨ ਨਾਲ ਇੱਕ ਫੌਜੀ ਸਮਝੌਤਾ ਕਰਦਾ ਹੈ”
- “ਭਵਿੱਖ ਦਾ ਸੁਰਖੀ: ਮੋਸਕੋ ਫੌਜੀ ਸਮਝੌਤੇ ਨੂੰ ਅਰਬ, ਇਸਲਾਮਿਕ ਦੁਨੀਆਂ ਨੂੰ ਸ਼ਾਮਿਲ ਕਰਨ ਲਈ ਵਧਾਉਂਦਾ ਹੈ”

ਦਿੱਤਾ ਗਿਆ ਹੈ ਕਿ ਅਸੀਂ ਸੱਚਮੁੱਚ ਇਸ ਤਰ੍ਹਾਂ ਦੀ ਸੁਰਖੀਆਂ ਨੂੰ ਵੇਖ ਰਹੇ ਹਾਂ, ਕੀ ਇਹ ਸੰਭਵ ਹੈ ਕਿ ਅਸੀਂ ਜਲਦ ਹੀ "ਗੋਗ ਮਗੋਗ ਦੇ ਯੁੱਧ" ਨੂੰ ਵੀ ਹੁੰਦਾ ਹੋਇਆ ਵੇਖਾਂਗੇ? ਜਿਵੇਂ ਮੈਂ ਇਸ ਲੜੀ ਦੇ **ਪਹਿਲੇ ਭਾਗ** ਵਿੱਚ ਆਖਿਆ ਹੈ, ਇਸ ਤਰ੍ਹਾਂ ਦੇ ਸਿੱਟੇ ਉੱਤੇ ਪਹੁੰਚਣਾ ਬਹੁਤ ਕਾਹਲੀ ਕਰਨਾ ਹੋਵੇਗਾ। ਮੈਨੂੰ ਇਹ ਯਕੀਨ ਦਿਵਾਉਣ ਲਈ ਕਿ ਸਾਡੇ ਜੀਵਨ ਦੇ ਸਮੇਂ ਵਿੱਚ ਇਹ ਭਵਿੱਖਬਾਣੀਆਂ ਪੂਰੀਆਂ ਹੋਣ ਵਾਲੀਆਂ ਹਨ, ਹੋਰ ਬਹੁਤ ਕੁਝ ਹੋਣਾ ਹੋਵੇਗਾ। ਪਰ ਦਿੱਤੀ ਰੁਚੀ ਰੇਖਾ ਦੇ ਅਨੁਸਾਰ ਅਸੀਂ ਹਿਜ਼ਕੀਏਲ 38 ਅਤੇ 39 ਦੀਆਂ ਭਵਿੱਖਬਾਣੀਆਂ ਦੇ ਜਲਦ ਹੀ ਪੂਰਾ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕਰ ਸਕਦੇ। ਇਹ ਨਿਸ਼ਚਿਤ ਹੀ ਸੰਭਵ ਹੈ। ਇਸ ਲਈ, ਆਓ ਅੱਗੇ ਧਿਆਨ ਨਾਲ ਵੇਖੀਏ ਕਿ ਪਾਠ ਕੀ ਆਖਦਾ ਹੈ। ਇੱਥੇ, ਫਿਰ ਸਾਡੇ ਅਧਿਐਨ ਦਾ **ਭਾਗ ਦੋ**:

1. ਹਿਜ਼ਕੀਏਲ ਅਧਿਆਏ 38 ਅਤੇ 39 ਵਿੱਚ, ਇਬਰਾਨੀ ਨਬੀ ਹਿਜ਼ਕੀਏਲ ਇੱਕ ਬੁਰੀ ਫੌਜ/ਰਾਜਨੀਤੀ/ਆਗੂ (ਗੋਗ) ਦਾ ਮਗੋਗ (ਰੂਸ) ਦੇ ਦੇਸ ਤੋਂ ਉੱਠਣ ਦੀ ਵਿਆਖਿਆ ਕਰਦਾ ਹੈ ਜੋ ਕਿ ਪਰਸੀਆ (ਇਰਾਨ), ਕੂਸ਼ (ਸੁਡਾਨ), ਪੂਤ (ਲੀਬੀਆ ਅਤੇ ਅਲਜ਼ੀਰੀਆ), ਗੋਮਰ (ਤੁਰਕੀ), ਬੈਥ ਤੋਗਰਮਾ (ਕੇਂਦਰੀ ਏਸ਼ੀਆ ਦੇ ਵਿੱਚ ਤੁਰਕੀ ਬੋਲਣ ਵਾਲੀ ਕੌਮ) ਦੇਸਾਂ ਨਾਲ "ਅੰਤ ਦੇ ਦਿਨਾਂ" ਵਿੱਚ ਫੌਜੀ ਸਮਝੌਤਾ ਕਰੇਗਾ। ਹਿਜ਼ਕੀਏਲ ਦੇ ਦਿਨਾਂ ਵਿੱਚ ਬਿਨ੍ਹਾਂ ਸ਼ੱਕ ਕੋਈ ਵੀ ਇਸਲਾਮ ਨਹੀਂ ਸੀ। ਅੱਜ ਅਸੀਂ ਬਹੁਤ ਸਾਰੇ ਦੇਸਾਂ ਨੂੰ ਵੇਖਦੇ ਹਾਂ ਜਿਨ੍ਹਾਂ ਦਾ ਹਿਜ਼ਕੀਏਲ ਨੇ ਜ਼ਿਕਰ ਕੀਤਾ ਹੈ ਉਹ ਮੁਸਲਿਮ ਬਹੁਮਤ ਵਾਲੇ ਹਨ। ਅਸੀਂ ਜਾਣਦੇ ਹਾਂ ਕਿ ਰੂਸ 20% ਮੁਸਲਿਮ ਹੈ। ਅਤੇ ਅਸੀਂ ਜਾਣਦੇ ਹਾਂ ਕਿ ਰੂਸ ਦੇ ਆਗੂ ਇਰਾਨ ਅਤੇ ਹੋਰ ਇਸਲਾਮਿਕ ਦੇਸਾਂ ਨਾਲ ਸੰਧੀਆਂ ਨੂੰ ਵਧਾ ਰਹੇ ਹਨ।
2. ਬਾਈਬਲ ਸਪੱਸ਼ਟ ਰੂਪ ਵਿੱਚ ਬਿਆਨ ਕਰਦੀ ਹੈ ਕਿ ਇਨ੍ਹਾਂ ਫੌਜੀ ਸਮਝੌਤਿਆਂ ਦਾ ਅੰਤ ਦੇ ਸਮੇਂ ਵਿੱਚ ਨਿਸ਼ਾਨਾ ਇਸਰਾਏਲ ਹੋਵੇਗਾ।
3. ਹਿਜ਼ਕੀਏਲ 38:8 ਆਖਦੀ ਹੈ "ਅਤੇ ਬਹੁਤ ਦਿਨਾਂ ਮਗਰੋਂ ਤੂੰ (ਗੋਗ ਅਤੇ ਉਸ ਦਾ ਗਠਜੋੜ) ਵੇਖਿਆ ਜਾਵੇਂਗਾ ਅਤੇ ਅਖੀਰੀ ਵਰ੍ਹਿਆਂ ਵਿੱਚ ਉਸ ਭੂਮੀ ਤੇ ਜਿਹੜੀ ਤਲਵਾਰ ਤੋਂ ਛੁਡਾਈ ਗਈ ਹੈ, ਜਿੱਥੇ ਬਹੁਤ ਲੋਕ ਇਕੱਠੇ ਕੀਤੇ ਗਏ ਹਨ, ਇਸਰਾਏਲ ਦੇ ਪਰਬਤਾਂ ਤੋਂ ਜਿਹੜੇ ਪੁਰਾਣੇ ਸਮੇਂ ਤੋਂ ਉਜਾੜ ਸਨ ਅਤੇ ਉਹ ਲੋਕਾਂ ਵਿੱਚੋਂ ਬਾਹਰ ਲਿਆਂਦੀ ਗਈ ਅਤੇ ਓਹ ਸਾਰੇ ਦੇ ਸਾਰੇ ਨਿਚਿੰਤ ਹੋ ਕੇ ਵੱਸਣਗੇ"।
4. ਹਿਜ਼ਕੀਏਲ 38:16 ਆਖਦਾ ਹੈ ਕਿ ਗਠਜੋੜ "ਮੇਰੀ ਪਰਜਾ ਇਸਰਾਏਲ ਤੇ ਚੜ੍ਹਾਈ ਕਰੇਗਾ" ਅਤੇ ਇਹ ਕਿ "ਇਹ ਅਖੀਰੀ ਦਿਹਾੜਿਆਂ ਵਿੱਚ ਹੋਵੇਗਾ ਅਤੇ ਮੈਂ ਤੈਨੂੰ (ਗੋਗ) ਆਪਣੇ ਦੇਸ ਤੇ ਚੜ੍ਹਾ ਲਿਆਵਾਂਗਾ"।
5. ਹਿਜ਼ਕੀਏਲ 39:2 ਆਖਦਾ ਹੈ ਕਿ ਗੋਗ ਆਵੇਗਾ "ਦੁਰੇਡਿਓਂ ਲਿਆਵਾਂਗਾ … ਇਸਰਾਏਲ ਦੇ ਪਰਬਤਾਂ ਉੱਤੇ"।
6. ਸਪੱਸ਼ਟ ਰੂਪ ਵਿੱਚ "ਗੋਗ ਅਤੇ ਮਗੋਗ ਦੇ ਯੁੱਧ" ਬਾਰੇ ਇਸ ਭਵਿੱਖਬਾਣੀ ਦੇ ਪੂਰਾ ਹੋਣ ਬਾਰੇ ਪੂਰਵ-ਅਨੁਮਾਨ ਇਹ ਹੈ ਕਿ ਇਸਰਾਏਲ ਦੇਸ ਨੂੰ ਅੰਤ ਦੇ ਦਿਨਾਂ ਵਿੱਚ ਨਵਾਂ ਜਨਮ ਪਾਉਣਾ ਹੈ। ਅਸਲ ਵਿੱਚ ਇਹੋ ਹੈ ਜੋ ਹਿਜ਼ਕੀਏਲ ਅਧਿਆਇ 36 ਅਤੇ 37 ਦੀ ਭਵਿੱਖਬਾਣੀਆਂ ਵਿਸਥਾਰ ਨਾਲ ਵਿਆਖਿਆ ਕਰਦੀਆਂ ਹਨ।
7. ਪਰਮੇਸ਼ੁਰ ਨੇ ਹਿਜ਼ਕੀਏਲ ਨੂੰ ਵਿਖਾਇਆ ਕਿ ਯਹੂਦੀ ਇਸਰਾਏਲ ਦੇ ਵਿੱਚ ਰਹਿਣਗੇ, ਅਬਰਾਹਾਮ, ਇਸਹਾਕ ਅਤੇ ਯਾਕੂਬ ਦੇ ਪਰਮੇਸ਼ੁਰ ਦੀ ਅਣ-ਆਗਿਆਕਾਰੀ ਕਰਨ ਅਤੇ ਪਾਪ ਦੇ ਕਾਰਨ ਸੰਸਾਰ ਵਿੱਚ ਤਿੱਤਰ-ਬਿੱਤਰ ਹੋਣਗੇ (ਹਿਜ਼ਕੀਏਲ 36:16-21)।
8. ਪਰ ਕੇਵਲ ਆਪਣੀ ਕਿਰਪਾ ਅਤੇ ਦਯਾ ਦੇ ਕਾਰਨ ਪਰਮੇਸ਼ੁਰ ਨੇ ਯਹੂਦੀਆਂ ਨੂੰ ਇਸਰਾਏਲ ਦੇ ਵਿੱਚ ਫਿਰ ਤੋਂ ਇਕੱਠੇ ਕਰਨ ਦਾ ਵਾਅਦਾ ਕੀਤਾ।
9. ਪਰਮੇਸ਼ੁਰ ਨੇ ਵਾਅਦਾ ਕੀਤਾ ਕਿ "ਹਾਂ, ਮੈਂ ਅਜੇਹਾ ਕਰਾਂਗਾ ਕਿ ਆਦਮ ਅਰਥਾਤ ਮੇਰੀ ਇਸਰਾਏਲ ਦੀ ਪਰਜਾ ਤੁਹਾਡੇ ਉੱਤੇ ਤੁਰੇ ਫਿਰੇਗੀ ਅਤੇ ਓਹ ਤੁਹਾਡੇ ਉੱਤੇ ਕਬਜ਼ਾ ਕਰਨਗੇ" (ਹਿਜ਼ਕੀਏਲ 36:12)।

10. ਪਰਮੇਸ਼ੁਰ ਨੇ ਆਖਿਆ ਕਿ ਦੇਸ ਵਿੱਚ ਪ੍ਰਾਚੀਨ ਖੰਡਰ ਅਤੇ "ਵਿਅਰਥ ਸਥਾਨ" ਯਹੂਦੀ ਲੋਕਾਂ ਦੁਆਰਾ ਦੁਬਾਰਾ "ਬਣਾਏ" ਜਾਣਗੇ (ਹਿਜ਼ਕੀਏਲ 36:10)। {ਯਸਾਯਾਹ 61:4 ਨੂੰ ਵੀ ਵੇਖੋ "ਓਹ ਪ੍ਰਾਚੀਨ ਬਰਬਾਦੀਆਂ ਨੂੰ ਬਣਾਉਣਗੇ, ਓਹ ਪਹਿਲੇ ਵਿਰਾਨਿਆਂ ਨੂੰ ਉਸਾਰਨਗੇ, ਓਹ ਬਰਬਾਦ ਸ਼ਹਿਰਾਂ ਨੂੰ, ਅਤੇ ਬਹੁਤ ਪੀੜ੍ਹੀਆਂ ਦਿਆਂ ਵਿਰਾਨਿਆਂ ਨੂੰ ਮਰੰਮਤ ਕਰਨਗੇ"।}
11. ਪਰਮੇਸ਼ੁਰ ਨੇ ਆਖਿਆ ਕਿ ਦੇਸ ਅਤੇ "ਇਸਰਾਏਲ ਦੇ ਪਰਬਤ" ਉਸ ਸਮੇਂ "ਆਪਣੀਆਂ ਸ਼ਾਖਵਾਂ ਨੂੰ ਵਧਾਉਣਗੇ" ਅਤੇ "ਮੇਰੇ ਪਰਜਾ ਇਸਰਾਏਲ" ਲਈ ਫਲ ਲੈ ਕੇ ਆਉਣਗੇ। (ਹਿਜ਼ਕੀਏਲ 36:8) {ਯਸਾਯਾਹ 27:6 ਵੀ ਵੇਖੋ, "ਆਉਣ ਵਾਲਿਆਂ ਸਮਿਆਂ ਵਿੱਚ ਯਾਕੂਬ ਜੜ੍ਹ ਫੜੇਗਾ, ਇਸਰਾਏਲ ਫੁੱਟੇਗਾ ਤੇ ਫੁੱਲੇਗਾ, ਅਤੇ ਜਗਤ ਦੀ ਪਰਤ ਨੂੰ ਫਲ ਨਾਲ ਭਰ ਦੇਵੇਗਾ"।}
12. ਪਰਮੇਸ਼ੁਰ ਨੇ ਬਚਨ ਦੇ ਵਿੱਚ ਇਹ ਇਸ਼ਾਰਾ ਵੀ ਕੀਤਾ ਹੈ ਕਿ ਗੋਗ ਅਤੇ ਮਗੋਗ ਦੇ ਯੁੱਧ ਲਈ ਪੂਰਵ ਸੰਭਾਵਨਾ ਇਹ ਹੈ ਕਿ ਇਸਰਾਏਲ ਦਾ ਕੇਵਲ ਪੁਨਰ ਨਿਰਮਾਣ ਹੀ ਨਹੀਂ ਕੀਤਾ ਜਾਵੇਗਾ ਸਗੋਂ ਅੰਤ ਦੇ ਦਿਨਾਂ ਵਿੱਚ ਆਰਥਿਕ ਤੌਰ 'ਤੇ ਵੀ ਵਧੇਗਾ। ਅਸਲ ਵਿੱਚ, ਭਵਿੱਖਬਾਣੀ ਇਹ ਵੀ ਦੱਸਦੀ ਹੈ ਕਿ ਗੋਗ ਅਤੇ ਉਸ ਦੀਆਂ ਫੌਜਾਂ ਦੀ ਪ੍ਰੇਰਣਾ (ਜਾਂ ਪ੍ਰੇਰਣਾ) ਦਾ ਹਿੱਸਾ ਇਹ ਹੈ "ਤਾਂ ਜੋ ਤੂੰ ਲੁੱਟੇਂ ਅਤੇ ਲੁੱਟ ਦਾ ਮਾਲ ਖੋਹ ਲਵੇਂ ਅਤੇ ਉਨ੍ਹਾਂ ਉੱਜੜਿਆਂ ਥਾਵਾਂ ਤੇ ਜਿਹੜਿਆਂ ਹੁਣ ਅਬਾਦ ਹਨ ਅਤੇ ਉਨ੍ਹਾਂ ਲੋਕਾਂ ਤੇ ਜਿਹੜੇ ਸਾਰੀਆਂ ਕੌਮਾਂ ਵਿੱਚੋਂ ਇਕੱਠੇ ਹੋਏ ਹਨ ਆਪਣਾ ਹੱਥ ਚਲਾਵੇਂ, ਜਿਨ੍ਹਾਂ ਪਸ਼ੂਆਂ ਤੇ ਮਾਲ ਨੂੰ ਪਰਾਪਤ ਕੀਤਾ ਹੈ ਅਤੇ ਧਰਤੀ ਦੀ ਧੁੰਨੀ ਤੇ ਵੱਸਦੇ ਹਨ"। (ਹਿਜ਼ਕੀਏਲ 38:12)
13. ਅੱਗੇ ਪਾਠ ਇਹ ਦੱਸਦਾ ਹੈ ਕਿ "ਸ਼ਬਾ ਅਤੇ ਦਦਾਨ ਅਤੇ ਤਰਸ਼ੀਸ਼ ਦੇ ਵਪਾਰੀ ਅਤੇ ਉਨ੍ਹਾਂ ਦੇ ਸਾਰੇ ਜੁਆਨ ਸ਼ੇਰ ਤੈਨੂੰ ਆਖਣਗੇ, ਕੀ ਤੂੰ ਲੁੱਟਣ ਲਈ ਆਇਆ ਹੈਂ ? ਕੀ ਤੂੰ ਆਪਣੀ ਸਭਾ ਏਸ ਲਈ ਇਕੱਠੀ ਕੀਤੀ ਹੈ ਕਿ ਮਾਲ ਖੋਹ ਲਵੇਂ ? ਚਾਂਦੀ ਸੋਨਾ ਲੁੱਟੇਂ, ਡੰਗਰ ਪਸੂ ਲੈ ਜਾਵੇਂ ਅਤੇ ਲੁੱਟ ਦਾ ਬਹੁਤਾ ਮਾਲ ਪਰਾਪਤ ਕਰੇਂ ?" (ਹਿਜ਼ਕੀਏਲ 38:13) ਸ਼ਬਾ ਅਰਬ ਦਾ ਪ੍ਰਾਚੀਨ ਨਾਮ ਹੈ, ਜਿਸ ਨੂੰ ਅੱਜ ਕੱਲ ਸਾਊਦੀ ਅਰਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਦਦਾਨ ਪਾਰਸ ਦੀ ਖਾੜੀ ਦੇ ਖੇਤਰ ਦਾ ਪ੍ਰਾਚੀਨ ਨਾਮ ਹੈ, ਜਿਸ ਨੂੰ ਅੱਜ ਕੱਲ ਅਸੀਂ "ਇਮੀਰਾਤਸ" ਆਖਦੇ ਹਾਂ (ਜਿਵੇਂ ਕਿ ਯੁਨਾਈਟਡ ਅਰਬ ਇਮੀਰਾਤ, ਕੁਵੈਤ, ਆਦਿ)। ਤਰਸ਼ੀਸ਼ ਸਪੇਨ ਦੇ "ਸੁਨਹਿਰੇ ਤੱਟ" ਦਾ ਪ੍ਰਾਚੀਨ ਨਾਮ ਹੈ। ਇਸ ਲਈ "ਤਰਸ਼ੀਸ਼ ਦੇ ਵਪਾਰੀ ਉਸ ਦੇ ਸਾਰੇ ਜੁਆਨਾਂ ਨਾਲ" ਦਾ ਆਮ ਵਿਚਾਰ ਹੈ ਕਿ ਯੂਰਪ ਅਤੇ ਪੱਛਮ ਦੇ ਕਾਰੋਬਾਰੀ ਅਤੇ ਰਾਜਨੀਤਿਕ ਆਗੂ। ਇਹ ਸਭ ਕੁਝ ਆਖਦਾ ਹੈ ਕਿ ਸਾਊਦੀ, ਖਾੜੀ ਰਾਜ, ਯੂਰਪ ਅਤੇ ਪੱਛਮੀ ਸ਼ਕਤੀਆਂ ਇਸਰਾਏਲ ਦੇ ਵਿਰੁੱਧ ਗੱਠਜੋੜ ਵਿੱਚ ਨਹੀਂ ਹਨ, ਪਰ ਰੂਸ-ਇਰਾਨ ਦੇ ਇਸਰਾਏਲ ਵਿਰੋਧੀ ਗੱਠਜੋੜ ਦੇ ਕਾਰਨ ਚਿੰਤਤ ਹਨ ਕਿਉਂਕਿ ਇਸ ਤਰ੍ਹਾਂ ਜਾਪਦਾ ਹੈ ਕਿ ਇਸ ਦੀ ਰੂਪ-ਰੇਖਾ ਪੁਨਰ ਨਿਰਮਾਣ ਕੀਤੇ ਹੋਏ ਅਤੇ ਵੱਡੇ ਧੰਨੀ ਇਸਰਾਏਲ ਵਿੱਚ ਯਹੂਦੀਆਂ ਦੀ ਸਾਰੀ ਦੌਲਤ ਉੱਤੇ ਕਬਜ਼ਾ ਕਰਨ ਲਈ ਤਿਆਰ ਕੀਤੀ ਗਈ ਹੈ।
14. ਕੀ ਇਹ ਭਵਿੱਖਬਾਣੀਆਂ ਇਸਰਾਏਲ ਅਤੇ ਇਸ ਦੇ ਦੁਆਲੇ ਦੇ ਇਲਾਕਿਆਂ ਵਿੱਚ ਤੇਲ ਅਤੇ ਗੈਸ ਦੀ ਵੱਡੀ ਖੋਜ ਵੱਲ ਇਸ਼ਾਰਾ ਕਰਦੀਆਂ ਹੋ ਸਕਦੀਆਂ ਹਨ? ਸ਼ਾਇਦ, ਮੇਰੀ ਪਹਿਲੀ ਨਾਵਲ ਲੜੀ ਵਿੱਚ (ਜਿਸ ਵਿੱਚ *ਅੰਤਿਮ ਜਿਹਾਦ, ਆਖਰੀ ਦਿਨ,* ਅਤੇ *ਹਿਜ਼ਕੀਏਲ ਦਾ ਵਿਕਲਪ* ਵੀ ਸ਼ਾਮਿਲ ਹਨ) ਜੋ ਇਸ ਦੇ ਬਾਰੇ ਹੈ ਕਿ ਕਿਵੇਂ ਗੋਗ ਅਤੇ ਮਗੋਗ ਦੇ ਯੁੱਧ ਦੀ ਤਿਆਰੀ ਹੋਵੇਗੀ ਅਤੇ ਕਿਵੇਂ ਇਹ ਹੋਵੇਗਾ, ਮੈਂ ਇੱਕ ਕਾਲਪਨਿਕ ਦ੍ਰਿਸ਼ ਯੋਜਨਾ ਬਣਾਈ ਹੈ ਜਿਸ ਵਿੱਚ ਇਸਰਾਏਲ ਤੇਲ ਅਤੇ ਗੈਸ ਦੀ ਵੱਡੀ ਮਾਤਰਾ ਵਿੱਚ ਖੋਜ਼ ਕਰਦਾ ਹੈ, ਵਧੇਰੇ ਧੰਨ ਦੇ ਵਿੱਚ ਜੋੜਦੇ ਹੋਏ ਜੋ ਉਨ੍ਹਾਂ ਨੇ ਤਕਨੀਕੀ ਖੇਤਰ, ਬੈਂਕਿੰਗ ਅਤੇ ਆਰਥਿਕ ਖੇਤਰ ਅਤੇ ਹੋਰ ਤੱਤਾਂ ਵਿੱਚੋਂ ਪਾਇਆ ਅਤੇ ਵਿਕਸਤ ਕੀਤਾ ਹੈ। ਉਸ ਸਮੇਂ, ਇਹ ਪੂਰੀ ਤਰ੍ਹਾਂ ਦੇ ਨਾਲ ਇੱਕ ਕਲਪਨਾ ਜਾਪਦੀ ਸੀ। ਪਰ ਜਦੋਂ ਨਵੰਬਰ 2002 ਵਿੱਚ *ਅੰਤਿਮ ਜਿਹਾਦ* ਪ੍ਰਕਾਸ਼ਿਤ ਕੀਤਾ ਗਿਆ ਸੀ, ਇਸਰਾਏਲ ਨੇ ਸੱਚਮੁੱਚ ਗੈਸ ਅਤੇ ਤੇਲ ਦੀ ਵੱਡੀ ਖੋਜ਼ ਕਰ ਲਈ ਸੀ ਅਤੇ ਲਗਾਤਾਰ ਖੇਤਰ ਵਿੱਚ ਧੰਨੀ ਆਰਥਿਕ ਸ਼ਕਤੀ ਬਣ ਰਿਹਾ ਹੈ। ਮੈਂ

ਆਪਣੀ ਪਹਿਲੀ ਕਲਪਨਾ ਰਹਿਤ ਪੁਸਤਕ Epicenter, 2006 ਵਿੱਚ ਇਨ੍ਹਾਂ ਵਿੱਚੋਂ ਕੁਝ ਤੱਤਾਂ ਦਾ ਵਰਣਨ ਕੀਤਾ ਸੀ, ਪਰ ਹੁਣ ਜ਼ਿਆਦਾ ਤੋਂ ਜ਼ਿਆਦਾ ਤੇਲ ਦੀ ਖੋਜਾਂ ਕੀਤੀਆ ਜਾ ਰਹੀਆਂ ਹਨ, ਇਸ ਮਹੀਨੇ ਨੂੰ ਸ਼ਾਮਿਲ ਕਰਕੇ।

15. ਪਰਮੇਸ਼ੁਰ ਨੇ ਕਿਹਾ, ਪਹਿਲਾਂ, ਇਸਰਾਏਲ ਦੀ ਭੌਤਿਕ ਬਹਾਲੀ ਅਤੇ ਯਹੂਦੀਆਂ ਦਾ ਦੇਸ ਵਿੱਚ ਵਾਪਸ ਆਉਣਾ ਸ਼ੁਰੂ ਹੋਵੇਗਾ (ਹਿਜ਼ਕੀਏਲ 37:4-8)।
16. ਇਸਰਾਏਲ ਰਾਜ ਦੀ ਭੌਤਿਕ ਬਹਾਲੀ ਦੇ ਸ਼ੁਰੂ ਹੋਣ ਤੋਂ ਬਾਅਦ, ਫਿਰ ਦੂਸਰਾ, ਯਹੂਦੀ ਲੋਕਾਂ ਦੀ ਆਤਮਿਕ ਬਹਾਲੀ ਸ਼ੁਰੂ ਹੋਵੇਗੀ (ਹਿਜ਼ਕੀਏਲ 37:9-14)।
17. ਫਿਰ ਇੱਕ ਵਾਰ ਜਦੋਂ ਰਾਜ ਦਾ ਪੁਨਰ ਨਿਰਮਾਣ ਹੋ ਗਿਆ ਅਤੇ ਯਹੂਦੀ ਲੋਕ ਦੇਸ ਵਿੱਚ ਇਕੱਠੇ ਹੋ ਰਹੇ ਸਨ ਅਤੇ ਪਰਮੇਸ਼ੁਰ ਯਹੂਦੀ ਲੋਕਾਂ ਨੂੰ ਆਪਣੇ ਨਾਲ ਸਬੰਧ ਵਿੱਚ ਵਾਪਸ ਖਿੱਚ ਰਿਹਾ ਸੀ, ਅਤੇ ਇਸਰਾਏਲ ਦੇਸ ਵਿੱਚ ਸੁਰੱਖਿਅਤ ਰਹਿ ਰਿਹਾ ਸੀ (ਹਿਜ਼ਕੀਏਲ 38:8) ਇੱਕ ਹੱਦ ਤੱਕ ਖੁਸ਼ਹਾਲੀ ਨਾਲ (ਹਿਜ਼ਕੀਏਲ 38:12), ਤਦ - ਅਤੇ ਕੇਵਲ ਤਦ ਹੀ - ਰੂਸ-ਇਰਾਨੀ ਗੱਠਜੋੜ ਇਸਰਾਏਲ ਅਤੇ ਯਹੂਦੀ ਲੋਕਾਂ ਨੂੰ ਲੁੱਟਣ, ਮਾਰਨ ਅਤੇ ਨਾਸ ਕਰਨ ਲਈ ਤਿਆਰੀ ਕਰੇਗਾ।
18. ਇਹ ਧਿਆਨ ਦੇਣਾ ਚਾਹੀਦਾ ਹੈ ਕਿ ਹਿਜ਼ਕੀਏਲ ਨੇ ਇਸ ਦੀ ਵਿਆਖਿਆ ਨਹੀਂ ਕੀਤੀ ਕਿ ਇਸਰਾਏਲ ਨੂੰ "ਸ਼ਾਂਤੀ" ਹੋਵੇਗੀ। ਸਗੋਂ ਇਸਰਾਏਲ ਦੇ "ਸੁਰੱਖਿਅਤ ਰਹਿਣ" ਬਾਰੇ ਦੋ ਵਾਰ ਵਰਣਨ ਕੀਤਾ ਗਿਆ ਹੈ (ਹਿਜ਼ਕੀਏਲ 38:8 ਅਤੇ 38:11)।
19. ਮੈਂ ਮਹਿਸੂਸ ਕਰਦਾ ਹਾਂ ਕਿ ਇਹ ਆਇਤਾਂ ਕੁਝ ਫਲਿਸਤੀ ਅਰਬੀਆਂ ਅਤੇ ਕੁਝ ਇਸਰਾਏਲੀ ਅਰਬੀਆਂ ਲਈ ਪੜ੍ਹਣੀਆਂ ਮੁਸ਼ਕਿਲ ਹੋਣਗੀਆਂ, ਭਾਵੇਂ ਕਿ ਉਹ ਨਵਾਂ ਜਨਮ ਪਾਏ ਮਸੀਹੀ ਹਨ ਜਾਂ ਨਾਮਧਾਰੀ ਮਸੀਹੀ ਹਨ (ਕਲੀਸਿਯਾ ਦੇ ਵਿੱਚ ਵੱਡੇ ਹੋਏ ਪਰ ਯਿਸੂ ਮਸੀਹ ਨਾਲ ਕੋਈ ਸਬੰਧ ਨਹੀਂ)। ਅੰਤ ਦੇ ਦਿਨਾਂ ਵਿੱਚ ਇਸਰਾਏਲ ਦੇ ਪੁਨਰ ਜਨਮ ਦੇ ਬਾਰੇ ਇਹ ਬੰਦ ਖਾਸ ਕਰਕੇ ਮੁਸ਼ਕਿਲ, ਖਿਝਾਉਣ ਵਾਲੇ ਹਨ - ਕ੍ਰੋਧਿਤ ਕਰਨ ਵਾਲਾ - ਮੁਸਲਮਾਨਾਂ ਦੇ ਪੜ੍ਹਣ ਲਈ। ਫਿਰ ਵੀ ਬਾਈਬਲ ਸਪੱਸ਼ਟ ਰੂਪ ਵਿੱਚ ਸਿਖਾਉਂਦੀ ਹੈ ਕਿ ਪਰਮੇਸ਼ੁਰ ਅੰਤ ਦੇ ਦਿਨਾਂ ਵਿੱਚ ਇਸਰਾਏਲ ਦੇ ਭੂ-ਰਾਜਨੀਤਿਕ ਰਾਜ ਦੇ ਪੁਨਰ ਜਨਮ ਨੂੰ ਸ਼ੁਰੂ ਕਰੇਗਾ। ਅੱਗੇ ਬਾਈਬਲ ਇਹ ਇਸ਼ਾਰਾ ਕਰਦੀ ਹੈ ਕਿ ਯਹੂਦੀ ਪਾਪੀ, ਨਾ ਛੁਡਾਏ ਹੋਏ ਅਤੇ ਸੰਸਾਰਿਕ ਲੋਕ ਹੋਣਗੇ ਜਦੋਂ ਉਹ ਦੇਸ ਵਿੱਚ ਵਾਪਸ ਲਿਆਂਦੇ ਜਾਣਗੇ। ਬਾਈਬਲ ਸਿਖਾਉਂਦੀ ਹੈ ਕਿ ਉਨ੍ਹਾਂ ਦੇ ਵਾਪਸ ਆਉਣ ਤੋਂ ਬਾਅਦ ਹੀ ਪਵਿੱਤਰ ਆਤਮਾ ਬਹੁਤਾਇਤ ਨਾਲ ਉਨ੍ਹਾਂ ਉੱਤੇ ਮਹੱਤਵਪੂਰਣ ਢੰਗ ਨਾਲ ਵਹਾਇਆ ਜਾਵੇਗਾ (ਹਿਜ਼ਕੀਏਲ 39:29 ਅਤੇ ਯੋਏਲ 2:28-32 - ਜਾਂ ਯੋਏਲ ਅਧਿਆਇ 3 ਇਬਰਾਨੀ ਬਾਈਬਲਾਂ ਵਿੱਚ)। ਉਸ ਸਮੇਂ, ਬਹੁਤ ਸਾਰੇ ਯਹੂਦੀ ਤੋਬਾ ਕਰਨਗੇ ਅਤੇ ਪਰਮੇਸ਼ੁਰ ਵੱਲ ਵਾਪਸ ਮੁੜਨਗੇ ਅਤੇ ਪਰਮੇਸ਼ੁਰ ਨਾਲ ਇੱਕ ਵਿਅਕਤੀਗਤ ਸਬੰਧ ਦੀ ਖੋਜ਼ ਕਰਨਗੇ ਜੋ ਉਨ੍ਹਾਂ ਦੇ ਜੀਵਨਾਂ ਅਤੇ ਵਿਹਾਰ ਨੂੰ ਸਮਰੱਥੀ ਅਤੇ ਅਲੌਕਿਕ ਢੰਗ ਨਾਲ ਬਦਲੇਗਾ। ਇਸ ਸਮੇਂ ਬਾਰੇ ਪ੍ਰਭੂ ਯਿਸੂ ਨੇ ਮੱਤੀ 25 ਅਤੇ ਲੂਕਾ 21 ਵਿੱਚ ਆਖਿਆ ਕਿ ਅੰਤ ਦੇ ਦਿਨਾਂ ਵਿੱਚ "ਲੜਾਈਆਂ ਅਤੇ ਲੜਾਈਆਂ ਦੀਆਂ ਅਵਾਈਆਂ" ਹੋਣਗੀਆਂ ਅਤੇ "ਕ੍ਰਾਂਤੀ" ਅਤੇ "ਕੁਧਰਮ" ਹੋਵੇਗਾ। ਨਿਸ਼ਚਿਤ ਹੀ ਇਸਰਾਏਲ ਦਾ ਪੁਨਰ ਜਨਮ - ਨਬਵੂਤ ਅਨੁਸਾਰ ਅਤੇ ਪਰਮੇਸ਼ੁਰ ਦੇ ਮਸਹ ਅਨੁਸਾਰ - ਲੜਾਈਆਂ, ਲੜਾਈਆਂ ਦੀਆਂ ਅਵਾਈਆਂ, ਪਾਪਾਂ ਅਤੇ ਅਰਬੀਆਂ ਅਤੇ ਕੁਝ ਯਹੂਦੀਆਂ ਦੁਆਰਾ ਕੀਤੇ ਗਏ ਅਪਰਾਧਾਂ ਦੇ ਨਾਲ ਆ ਚੁੱਕਾ ਹੈ। ਬਾਈਬਲ ਇਹ ਨਹੀਂ ਸਿਖਾਉਂਦੀ ਕਿ ਅੰਤ ਦੇ ਦਿਨਾਂ ਦਾ ਇਹ ਸਮਾਂ ਅਸਾਨ ਹੋਵੇਗਾ ਅਤੇ ਬਾਈਬਲ ਸਹੀ ਹੈ।
20. ਕਹਿਣ ਦਾ ਅਰਥ ਹੈ ਕਿ ਅਸੀਂ ਪਰਮੇਸ਼ੁਰ ਦੇ ਬਚਨ ਦੇ ਨਾਲ ਇਮਾਨਦਾਰ ਨਹੀਂ ਹੁੰਦੇ ਜੇ ਅਸੀਂ ਇਨ੍ਹਾਂ ਆਇਤਾਂ ਦੇ ਸਿੱਧੇ ਅਰਥ ਨੂੰ ਅਣਦੇਖਿਆ ਕਰਦੇ, ਇਸ ਤੋਂ ਇਨਕਾਰ ਕਰਦੇ ਜਾਂ ਇਸ ਦੀ ਹੋਰ ਢੰਗ ਨਾਲ ਵਿਆਖਿਆ ਕਰਦੇ ਹਾਂ। ਬਾਈਬਲ ਨੇ ਸਾਨੂੰ ਪਹਿਲਾਂ ਹੀ ਦੱਸਿਆ ਹੈ ਕਿ ਇਸਰਾਏਲ ਦਾ ਪੁਨਰ ਜਨਮ ਹੋਵੇਗਾ

ਅਤੇ ਯਹੂਦੀ ਦੇਸ ਵਿੱਚ ਵਾਪਸ ਆਉਣਗੇ ਅਤੇ ਇਹ ਹੋਣ ਵਾਲਾ ਹੈ। ਉਤਪਤ 12:1-3 ਸਾਨੂ ਦੱਸਦੀ ਹੈ ਕਿ ਪਰਮੇਸ਼ੁਰ ਉਨ੍ਹਾਂ ਨੂੰ ਅਸੀਸ ਦੇਵੇਗਾ ਜੋ ਅਬਰਾਹਾਮ ਦੀ ਸੰਤਾਨ ਨੂੰ ਅਸੀਸ ਦੇਣਗੇ ਅਤੇ ਉਨ੍ਹਾਂ ਨੂੰ ਸਰਾਪ ਦੇਵੇਗਾ ਜੋ ਅਬਰਾਹਾਮ ਦੀ ਸੰਤਾਨ ਨੂੰ ਸਰਾਪ ਦੇਣਗੇ। ਉਹ ਜਿਨ੍ਹਾਂ ਨੇ ਇਸਰਾਏਲ ਨੂੰ ਸਰਾਪ ਦਿੱਤਾ ਉਨ੍ਹਾਂ ਨੇ ਆਪਣੇ ਆਪ ਨੂੰ ਵੱਡੇ ਦਰਦ ਅਤੇ ਦੁੱਖ ਦਾ ਸਾਹਮਣਾ ਕਰਦੇ ਹੋਏ ਪਾਇਆ। ਕਈ ਵਾਰ ਬਾਈਬਲ ਦੀਆਂ ਸੱਚਾਈਆਂ ਨੂੰ ਕਬੂਲ ਕਰਨਾ ਮੁਸ਼ਕਿਲ ਹੁੰਦਾ ਹੈ, ਪਰ ਉਹ ਸੱਚ ਹਨ ਅਤੇ ਸਾਨੂੰ ਉਨ੍ਹਾਂ ਨੂੰ ਵਿਸ਼ਵਾਸ ਦੁਆਰਾ ਕਬੂਲ ਕਰਨਾ ਹੈ।

21. ਕਿਹਾ ਗਿਆ ਹੈ ਕਿ ਜਦੋਂ ਕਿ ਬਾਈਬਲ ਸਪੱਸ਼ਟ ਰੂਪ ਵਿੱਚ ਵਿਆਖਿਆ ਕਰਦੀ ਹੈ ਕਿ ਪਰਮੇਸ਼ੁਰ ਯਹੂਦੀ ਲੋਕਾਂ ਨੂੰ ਇਸਰਾਏਲ ਦੇਸ ਵਿੱਚ ਵਾਪਸ ਲੈ ਕੇ ਆਵੇਗਾ ਅਤੇ ਉਨ੍ਹਾਂ ਨੂੰ ਪਰਮੇਸ਼ੁਰ ਦੁਆਰਾ ਦਿੱਤੀ ਗਈ ਦੇਸ ਦੀ ਮਲਕੀਅਤ ਦੀ ਦੁਬਾਰਾ ਘੋਸ਼ਣਾ ਕਰਨ ਦੇਵੇਗਾ, ਬਾਈਬਲ ਵਿੱਚ ਕਿਤੇ ਵੀ ਯਹੂਦੀਆਂ (ਜਾਂ ਲੋਕਾਂ ਦੇ ਕਿਸੇ ਹੋਰ ਸਮੂਹ ਨੂੰ) ਨੂੰ ਅਨਿਆਂ ਕਰਨ ਦਾ ਅਧਿਕਾਰ ਨਹੀਂ ਦਿੱਤਾ ਗਿਆ। ਉਲਟਾ ਬਾਈਬਲ ਸਿਖਾਉਂਦੀ ਹੈ ਕਿ ਇਸਰਾਏਲੀਆਂ ਨੇ ਆਪਣੇ ਗੁਆਂਢੀਆਂ ਨੂੰ ਪਿਆਰ ਕਰਨਾ ਹੈ (ਲੇਵੀਆਂ 18:18 ਅਤੇ ਮੱਤੀ 19:19)। ਬਾਈਬਲ ਇਹ ਵੀ ਸਿਖਾਉਂਦੀ ਹੈ ਕਿ ਇਸਰਾਏਲੀਆਂ ਨੂੰ ਆਪਣੇ ਗੁਆਂਢੀਆਂ ਨੂੰ ਪਿਆਰ ਕਰਨ ਦਾ ਹੁਕਮ ਦਿੱਤਾ ਗਿਆ ਹੈ ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰਨ ਦਾ ਹੁਕਮ ਦਿੱਤਾ ਗਿਆ ਹੈ ਜੋ ਉਨ੍ਹਾਂ ਨੂੰ ਸਤਾਉਂਦੇ ਹਨ (ਮੱਤੀ 5:44)। ਯਹੂਦੀਆਂ ਨੂੰ ਦੇਸ ਦੀ ਮਲਕੀਅਤ ਦਾ ਅਧਿਕਾਰ ਹੈ, ਪਰ ਉਨ੍ਹਾਂ ਦੀ ਬਚਨ ਦੇ ਅਨੁਸਾਰ ਨਿਆਂ ਪੂਰਵਕ ਅਤੇ ਤਰਸ ਨਾਲ ਰਾਜ ਕਰਨ ਦੀ ਜ਼ਿੰਮੇਵਾਰੀ ਵੀ ਹੈ। ਉਦਾਹਰਣ ਲਈ, ਲੇਵੀਆਂ 19:33-34 ਵਿੱਚ ਪਰਮੇਸ਼ੁਰ ਆਖਦਾ ਹੈ: "ਅਤੇ ਜੇ ਕਦੀ ਓਪਰਾ {ਗੈਰ-ਯਹੂਦੀ} ਤੇਰੇ ਨਾਲ ਤੁਹਾਡੇ ਦੇਸ ਵਿੱਚ ਵੱਸੇ ਤਾਂ ਤੁਸਾਂ ਉਸ ਨੂੰ ਦੁਖ ਨਾ ਦੇਣਾ ਪਰ ਜਿਹੜਾ ਓਪਰਾ ਤੁਹਾਡੇ ਵਿੱਚ ਵੱਸਦਾ ਹੈ ਸੋ ਤੁਹਾਨੂੰ ਅਜਿਹਾ ਹੋਵੇ ਜਿਹਾ ਆਪਣੇ ਵਿੱਚ ਜੰਮਿਆ ਹੋਵੇ ਅਤੇ ਤੂੰ ਉਸ ਦੇ ਨਾਲ ਆਪਣੇ ਜਿਹਾ ਪਿਆਰ ਕਰੀਂ ਕਿਉਂ ਜੋ ਤੁਸੀਂ ਮਿਸਰ ਦੇ ਦੇਸ ਵਿੱਚ ਓਪਰੇ ਸਾਓ। ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ"।

22. ਸਾਡੇ ਵਿੱਚੋਂ ਉਹ ਜਿਹੜੇ ਯਿਸੂ ਮਸੀਹ ਦੇ ਮਗਰ ਚੱਲਣ ਵਾਲੇ ਹਨ ਉਨ੍ਹਾਂ ਨੂੰ ਇਸਰਾਏਲ ਅਤੇ ਫਲਿਸਤੀਆਂ ਦੇ ਬਾਰੇ ਬਾਈਬਲ ਦੇ ਸਿਧਾਂਤ ਸਿਖਾਉਣ ਦੀ ਲੋੜ ਹੈ। ਸਾਨੂੰ ਦੋਵਾਂ ਨੂੰ ਪਿਆਰ ਕਰਨ, ਦੋਵਾਂ ਨੂੰ ਅਸੀਸ ਦੇਣ ਅਤੇ ਦੋਵਾਂ ਲਈ ਪ੍ਰਾਰਥਨਾ ਕਰਨ ਦੀ ਲੋੜ ਹੈ। ਇਸ ਤੋਂ ਵਧਕੇ ਸਾਨੂੰ ਮਸੀਹ ਵਿੱਚ ਸਾਡੇ ਭੈਣ ਭਰਾਵਾਂ ਨਾਲ ਖੜ੍ਹੇ ਹੋਣ ਅਤੇ ਉਨ੍ਹਾਂ ਨੂੰ ਹੌਂਸਲਾ ਦੇਣ ਦੀ ਲੋੜ ਹੈ, ਭਾਵੇਂ ਯਹੂਦੀ ਜਾਂ ਅਰਬੀ ਹਨ। ਦੂਸਰੇ ਪਾਸੇ ਸਾਨੂੰ ਬਾਈਬਲ ਆਪਣੇ ਭਰਾਵਾਂ ਅਤੇ ਭੈਣਾਂ ਨੂੰ ਅਣਦੇਖਿਆ ਕਰਨ, ਉਨ੍ਹਾਂ ਦਾ ਇਨਕਾਰ ਕਰਨ ਅਤੇ ਉਨ੍ਹਾਂ ਦਾ ਵਿਰੋਧ ਕਰਨ ਦੀ ਅਜ਼ਾਦੀ ਦਿੰਦੀ ਹੈ। ਪਰ ਯਿਸੂ ਨੇ ਕਿਹਾ "ਧੰਨ ਹਨ ਜੋ ਮੇਲ ਕਰਾਉਣ ਵਾਲੇ ਹਨ" (ਮੱਤੀ 5:9)। ਸਾਨੂੰ ਵੱਡੇ ਜੋਸ਼ ਨਾਲ ਇਸਰਾਏਲੀਆਂ ਅਤੇ ਫਲਿਸਤੀਆਂ ਨਾਲ ਸਬੰਧ ਬਣਾਉਣ ਦੀ ਲੋੜ ਹੈ ਅਤੇ ਜਿੱਥੇ ਸੰਭਵ ਹੋ ਸਕੇ ਮਸੀਹ ਦੇ ਰਾਜਦੂਤ ਅਤੇ ਮੇਲ-ਮਿਲਾਪ ਕਰਾਉਣ ਵਾਲੇ ਦੂਤ ਬਣਨ ਦੀ ਲੋੜ ਹੈ।

23. ਸਾਨੂੰ ਉਸ ਹਰੇਕ ਚੀਜ਼ ਨਾਲ ਸਹਿਮਤ ਹੋਣ ਦੀ ਲੋੜ ਨਹੀਂ ਹੈ ਜਿਸ ਉੱਤੇ ਸਾਡੇ ਭੈਣ ਭਰਾ ਵਿਸ਼ਵਾਸ ਕਰਦੇ ਹਨ, ਖਾਸ ਕਰਕੇ ਜੇਕਰ ਉਹ ਵਿਸ਼ਵਾਸ ਬਚਨ ਦੇ ਅਨੁਸਾਰ ਨਹੀਂ ਹਨ। ਪਰ ਸਾਨੂੰ ਉਨ੍ਹਾਂ ਨੂੰ ਬਿਨ੍ਹਾਂ ਸ਼ਰਤ ਦੇ ਅਤੇ ਬਲੀਦਾਨ ਸਹਿਤ ਪਿਆਰ ਕਰਨ ਦਾ ਹੁਕਮ ਦਿੱਤਾ ਗਿਆ ਹੈ। ਕਿਉਂਕਿ ਯਿਸੂ ਨੇ ਕਿਹਾ, "ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ ਕਿ ਇੱਕ ਦੂਏ ਨੂੰ ਪਿਆਰ ਕਰੋ ਅਰਥਾਤ ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ ਤੁਸੀਂ ਇੱਕ ਦੂਏ ਨੂੰ ਪਿਆਰ ਕਰੋ। ਜੇ ਤੁਸੀਂ ਆਪੋ ਵਿੱਚ ਪ੍ਰੇਮ ਰੱਖੋ ਤਾਂ ਇਸੇ ਤੋਂ ਸਭ ਜਾਣਨਗੇ ਭਈ ਤੁਸੀਂ ਮੇਰੇ ਚੇਲੇ ਹੋ"। (ਯੂਹੰਨਾ 13:34-35)

24. ਹੁਣ ਵਾਪਸ ਭਵਿੱਖਬਾਣੀ ਅਤੇ ਇਸ ਦੇ ਵਿਸ਼ਲੇਸ਼ਣ ਉੱਤੇ ਚੱਲੀਏ: ਇਹ ਤਰਕ ਦਿੱਤਾ ਜਾ ਸਕਦਾ ਹੈ ਕਿ ਇਸ ਦੇ 67 ਸਾਲ ਦੇ ਸਮੇਂ ਵਿੱਚ ਅੱਜ ਇਸਰਾਏਲ ਜ਼ਿਆਦਾ ਖੁਸ਼ਹਾਲ ਹੈ ਅਤੇ ਸੁਰੱਖਿਅਤ ਰਹਿ ਰਿਹਾ ਹੈ। ਮੱਧ ਪੂਰਬ ਵਿਚ ਇਸਰਾਏਲੀ ਸੁਰੱਖਿਆ ਬਲਾਂ ਨੂੰ ਸਭ ਤੋਂ ਤਾਕਤਵਰ ਅਤੇ ਧਰਤੀ ਉੱਤੇ ਲੜਨ ਵਾਲੀ ਸਭ ਤੋਂ

ਪ੍ਰਭਾਵਸ਼ਾਲੀ ਫੌਜ ਮੰਨਿਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਇਸਰਾਏਲੀ ਹਵਾਈ ਫੌਜ ਅਕਾਸ਼ ਦੇ ਵੱਡੇ ਖੇਤਰ ਵਿੱਚ ਭਾਰੂ ਹੈ। ਇਸਰਾਏਲ ਕੋਲ ਵੱਡੇ ਗੁਆਂਢੀਆਂ ਮਿਸਰ ਅਤੇ ਜੋਰਡਨ ਨਾਲ ਸ਼ਾਂਤੀ ਸੰਧੀਆਂ ਹਨ। ਯੱਸਰ ਅਰਾਫਾਤ ਜਾ ਚੁੱਕਾ ਹੈ। ਸਦਾਮ ਹੁਸੈਨ ਜਾ ਚੁੱਕਾ ਹੈ। ਓਸਮਾ ਬਿਨ ਲਾਦੇਨ ਜਾ ਚੁੱਕਾ ਹੈ। 2004 ਤੋਂ ਮਨੁੱਖੀ ਬੰਬ ਵਿਸਫੋਟਕ ਫਲਿਸਤੀ ਇਸਰਾਏਲ ਵਿੱਚ ਨਹੀਂ ਆ ਰਹੇ ਹਨ। ਇਸਰਾਏਲ ਦੇ ਕੋਲ ਹੁਣ ਬਹੁਤ ਹੀ ਪ੍ਰਭਾਵੀ "ਲੋਹੇ ਦੇ ਗੁਬੰਦ" ਦੀ ਪ੍ਰਣਾਲੀ ਹੈ ਜੋ ਇਸਰਾਏਲੀ ਨਾਗਰਿਕਾਂ ਉੱਤੇ ਦੱਖਣ ਵਿੱਚ ਗਾਜ਼ਾ ਅਤੇ ਉਤਰ ਵਿੱਚ ਲਬਨਾਨ ਅਤੇ ਸੀਰੀਆ ਵੱਲੋਂ ਸੁੱਟੇ ਗਏ ਰਾਕਟਾਂ ਨੂੰ ਹੇਠਾਂ ਸੁੱਟ ਸਕਦੀ ਹੈ। ਹੋਰ ਇਸਰਾਏਲ ਦੇ ਕੋਲ ਸਮੁੰਦਰੀ ਬੇੜੀਆਂ, ਮਿਸਾਈਲਾਂ ਅਤੇ ਸੁਰੱਖਿਆ ਵਿੱਚ ਪਹਿਲੇ ਦਰਜੇ ਦੀਆਂ ਇੰਟੇਲੀਜੈਂਸੀ ਸੇਵਾਵਾਂ ਹਨ। ਇਸਰਾਏਲ ਨੇ ਅਮਰੀਕਾ ਨਾਲ ਵੀ ਗੂੜ੍ਹੀ ਹਿੱਸੇਦਾਰੀ ਨੂੰ ਕਈ ਦਸਕਾਂ ਤੱਕ ਮਾਣਿਆ ਹੈ (ਭਾਵੇਂ ਇਹ ਖਤਮ ਹੋਣ ਵਾਲਾ ਹੈ), ਮਜ਼ਬੂਤ ਅਤੇ ਵਧਦੀ ਆਰਥਿਕਤਾ ਹੈ ਅਤੇ ਸੰਸਾਰ ਭਰ ਵਿੱਚ ਇਸ ਕੋਲ ਸੁਰੱਖਿਆ ਲਈ ਨਿਊਕਲੀਅਰ ਹਥਿਆਰ ਹੋਣਾ ਮੰਨਿਆ ਜਾਂਦਾ ਹੈ, ਭਾਵੇਂ ਕਿ ਸਰਕਾਰ ਇਸ ਉੱਤੇ "ਰਣਨੀਤਿਕ ਅਨੇਕਤਾ" ਰੱਖਦੀ ਹੈ, ਨਾ ਹਥਿਆਰਾ ਦੇ ਹੋਣ ਦੀ ਪੁਸ਼ਟੀ ਕਰਦੀ ਅਤੇ ਨਾ ਹੀ ਇਨਕਾਰ ਕਰਦੀ ਹੈ।

25. ਇਸ ਨਬੂਵਤ ਦੇ ਪੂਰਵ ਅਨੁਮਾਨ ਨੂੰ ਪੂਰਾ ਕਰਨ ਲਈ ਇਸਰਾਏਲ ਅੱਜ ਕੱਲ ਕਾਫ਼ੀ ਸੁਰੱਖਿਅਤ ਹੈ? ਸ਼ਾਇਦ। ਨਿਸ਼ਚਿਤ ਹੀ ਇਸ ਮਹੀਨੇ ਅਰਬ ਦੇ ਘਾਤਕ ਹਮਲਿਆਂ, ਦੰਗਿਆਂ ਅਤੇ ਹੋਰ ਹਮਲਿਆਂ ਦੇ ਕਾਰਨ ਕੁਝ ਨੇੜੇ ਹੋਣਾ ਮਹਿਸੂਸ ਕਰਦਾ ਹੈ। ਸ਼ਾਇਦ ਇਹ ਘਟਨਾਵਾਂ ਇਸਰਾਏਲ ਨੂੰ ਹੋਰ ਸੁਰੱਖਿਅਤ ਹੋਣ ਅਤੇ ਸੁਰੱਖਿਅਤ ਮਹਿਸੂਸ ਕਰਨ ਵੱਲ ਜਲਦ ਹੀ ਲੈ ਜਾਣਗੀਆਂ। ਪਰ ਕੋਈ ਸ਼ੱਕ ਨਹੀਂ ਹੈ ਕਿ ਸੀਮਾ ਉੱਤੇ ਹੋਰ ਧਮਕੀਆਂ ਹੋਣ ਦੇ ਨਾਲ, ਸਭ ਤੋਂ ਉੱਪਰ, ਇਸਰਾਏਲ ਉਨ੍ਹਾਂ ਦੇ ਅਧੁਨਿਕ ਰਾਜ ਦੀ ਹੋਂਦ ਹੋਣ ਪਹਿਲਾਂ ਨਾਲੋਂ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦਾ ਹੈ।

26. ਇਹ ਤੱਥ ਦਿੱਤਾ ਗਿਆ ਹੈ ਕਿ ਹਿਜ਼ਕੀਏਲ 36 ਅਤੇ 37 ਦੀਆਂ ਅੰਤ ਦੇ ਸਮੇਂ ਦੀਆਂ ਵੱਡੀਆਂ ਭਵਿੱਖਬਾਣੀਆਂ ਸਾਡੇ ਜੀਵਨ ਦੇ ਸਮੇਂ ਵਿੱਚ ਪੂਰੀਆਂ ਹੋ ਗਈਆਂ ਹਨ, ਕੀ ਇਸ ਦਾ ਅਰਥ ਹੈ ਕਿ ਹਿਜ਼ਕੀਏਲ 38 ਅਤੇ 39 ਦੀਆਂ ਭਵਿੱਖਬਾਣੀਆਂ ਵੀ ਅਸੀਂ ਆਪਣੇ ਜੀਵਨ ਵਿੱਚ ਪੂਰੀਆਂ ਹੁੰਦੀਆਂ ਵੇਖਾਂਗੇ? ਇਸ ਸਮੇਂ, ਮੈਂ ਮੰਨਦਾ ਹਾਂ ਕਿ ਪੱਕਾ ਹੀ ਕਹਿਣਾ ਬਹੁਤ ਜਲਦੀ ਹੋਵੇਗਾ। ਨਿਸ਼ਚਿਤ ਹੀ ਅਸੀਂ ਭੂ-ਰਾਜਨੀਤਿਕ ਘਟਨਾਵਾਂ ਹੁਣ ਦੇ ਦਸਕਾਂ ਅਤੇ ਸਾਲਾਂ ਦੇ ਵਿੱਚ ਹੁੰਦੀਆਂ ਵੇਖਦੇ ਹਾਂ ਜੋ ਕਿ ਅਦਭੁਤ ਢੰਗ ਨਾਲ ਉਨ੍ਹਾਂ ਦੇ ਅਨੁਸਾਰ ਹਨ ਜਿਸ ਦੇ ਬਾਰੇ ਬਾਈਬਲ ਦੱਸਦੀ ਹੈ ਕਿ ਇਹ "ਗੋਗ ਅਤੇ ਮਗੋਗ ਦੇ ਯੁੱਧ" ਦੀ ਤਿਆਰੀ ਲਈ ਜ਼ਰੂਰੀ ਹਨ। ਰੂਸ ਅਤੇ ਇਰਾਨ ਦੀਆਂ ਫੌਜਾਂ ਦਾ ਸੀਰੀਆਂ ਵਿੱਚ ਇੱਕ ਗੱਠਜੋੜ ਤਹਿਤ ਲੜਨਾ – ਇਸਰਾਏਲ ਦੇ ਉਤਰੀ ਪਰਬਤਾਂ ਨਾਲੋਂ ਕੁਝ ਮੀਲ ਦੂਰ – ਇੱਕ ਵਿਕਾਸ ਹੈ ਜੋ ਅਸੀਂ ਭਵਿੱਖਬਾਣੀ ਦੇ ਲਿਖਣ ਤੋਂ 2500 ਸਾਲਾਂ ਵਿੱਚ ਪਹਿਲਾਂ ਨਹੀਂ ਵੇਖਿਆ। ਇਸ ਲਈ ਸਾਨੂੰ ਤਿਆਰ ਹੋਣਾ ਚਾਹੀਦਾ ਹੈ। ਸਾਨੂੰ ਤਿਆਰ ਹੋਣਾ ਚਾਹੀਦਾ ਹੈ – ਸੁਰੱਖਿਆ ਤੋਂ ਬਾਹਰ ਨਹੀਂ – ਜੇਕਰ ਘਟਨਾਵਾਂ ਨੇੜੇ ਦੇ ਭਵਿੱਖ ਵਿੱਚ ਤੇਜ਼ ਹੁੰਦੀਆਂ ਹਨ। ਪਰ ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਪਰਮੇਸ਼ੁਰ ਸਰਬ ਵਿਆਪੀ ਹੈ ਅਤੇ ਆਪਣੇ ਸਰਬ ਵਿਆਪੀ ਮਕਸਦ ਲਈ ਇਨ੍ਹਾਂ ਘਟਨਾਵਾਂ ਵਿੱਚ ਕੁਝ ਸਮੇਂ ਲਈ ਦੇਰੀ ਕਰ ਸਕਦਾ ਹੈ।

27. ਕਿਹਾ ਗਿਆ ਹੈ, ਇਹ ਧਿਆਨ ਦੇਣਾ ਚਾਹੀਦਾ ਹੈ ਕਿ ਜਦੋਂ ਰੂਸੀ ਤਾਨਾਸ਼ਾਹ ਇਸਰਾਏਲ ਵਿੱਚ ਫੌਜੀ ਗੱਠਜੋੜ ਕਰਨਾ ਖਤਮ ਕਰਦਾ ਹੈ ਅਤੇ "ਅੰਤ ਦੇ ਦਿਨਾਂ" ਵਿੱਚ ਆਪਣੀਆਂ ਫੌਜਾਂ ਨੂੰ ਇਸਰਾਏਲ ਨੂੰ ਘੇਰਨ ਲਈ ਅੱਗੇ ਵਧਾਉਣਾ ਸ਼ੁਰੂ ਕਰਦਾ ਹੈ, ਹਿਜ਼ਕੀਏਲ ਸਾਨੂੰ ਕੋਈ ਵੀ ਸੰਕੇਤ ਨਹੀਂ ਦਿੰਦਾ ਕਿ ਕੋਈ ਦੇਸ ਇਸਰਾਏਲ ਦੇ ਬਚਾਓ ਵਿੱਚ ਆਵੇਗਾ। ਕੋਈ ਵੀ ਸੰਕੇਤ ਨਹੀਂ ਦਿੱਤਾ ਗਿਆ ਕਿ ਯੂਨਾਈਟਡ ਨੇਸ਼ਨਸ, ਯੂਰਪੀਅਨ ਯੂਨੀਅਨ ਜਾਂ ਨਾਟੋ ਇਸਰਾਏਲ ਦਾ ਬਚਾਓ ਕਰੇਗਾ। ਨਾ ਹੀ ਕੋਈ ਇਸ ਦਾ ਸੰਕੇਤ ਹੈ ਕਿ ਅਮਰੀਕਾ ਇਸਰਾਏਲ ਦਾ ਬਚਾਓ ਕਰੇਗਾ। ਪਰ, ਇਸਰਾਏਲ – ਅਤੇ ਮਹਿਸੂਸ ਕਰੇਗਾ – ਸੰਸਾਰ ਵਿੱਚ ਇਕੱਲਾ ਹੋਵੇਗਾ।

28. ਅੱਜ ਇਸਰਾਏਲ ਅੰਤਰਦੇਸੀ ਸਮੁਦਾਏ ਤੋਂ ਅਲੱਗ ਹੋ ਰਿਹਾ ਹੈ। ਅਤੇ ਓਬਾਮਾ-ਬਾਈਦੇਨ ਦੇ ਰਾਜ ਸਮੇਂ ਅਮਰੀਕੀ ਅਤੇ ਇਸਰਾਏਲੀ ਸਬੰਧ ਬਹੁਤ ਜ਼ਿਆਦਾ ਤਣਾਓ ਪੂਰਣ ਹੋ ਚੁੱਕੇ ਹਨ। ਪਰਮੇਸ਼ੁਰ ਅਮਰੀਕੀ ਆਗੂਆਂ ਦਾ ਮਨ ਇਸਰਾਏਲੀ ਮਿੱਤਰ ਬਣਨ ਲਈ ਬਦਲ ਸਕਦਾ ਹੈ। ਅਤੇ/ਜਾਂ ਜਦੋਂ 2017 ਵਿੱਚ ਇੱਕ ਨਵਾਂ ਰਾਸ਼ਟਰਪਤੀ ਆਉਂਦਾ ਹੈ ਜਾਂ ਉਸ ਤੋਂ ਬਾਅਦ ਅਮਰੀਕੀ ਅਤੇ ਇਸਰਾਏਲੀ ਸਬੰਧ ਸੁਧਾਰੇ ਜਾ ਸਕਦੇ ਹਨ। ਪਰ ਅੰਤ ਵਿੱਚ, ਬਚਨ ਸਪੱਸ਼ਟ ਹਨ ਕਿ ਇਸਰਾਏਲ ਨੂੰ ਸਾਰੇ ਦੇਸਾਂ ਦੁਆਰਾ ਛੱਡ ਦਿੱਤਾ ਜਾਵੇਗਾ। ਇਸ ਦੇ ਵਿੱਚ ਅਮਰੀਕਾ ਵੀ ਸ਼ਾਮਲ ਹੋਵੇਗਾ। ਕਿੰਨੀ ਜਲਦੀ ਇਹ ਹੋਵੇਗਾ ਮੈਂ ਆਖ ਨਹੀਂ ਸਕਦਾ। ਪਰ ਸਾਨੂੰ ਜਾਗਰੂਕ ਹੋਣ ਦੀ ਲੋੜ ਹੈ ਕਿ ਇਹ ਹੋਵੇਗਾ ਅਤੇ ਜਦੋਂ ਇਹ ਹੁੰਦਾ ਹੈ ਤਾਂ ਹੈਰਾਨ ਨਾ ਹੋਈਏ।

ਅੱਗੇ, ਮੈਂ ਵਰਣਨ ਕਰਾਂਗਾ ਕਿ ਬਾਈਬਲ ਸਾਨੂੰ ਇਸ ਦੇ ਬਾਰੇ ਕੀ ਦੱਸਦੀ ਹੈ ਜੋ ਗੋਗ ਅਤੇ ਮਗੋਗ ਦੀਆਂ ਫੌਜਾਂ ਨਾਲ ਹੋਵੇਗਾ।

ਭਾਗ 3

ਹਾਲ ਹੀ ਵਿਚ ਰੂਸ ਅਤੇ ਈਰਾਨ ਦੁਆਰਾ ਆਪਣੇ ਫੌਜੀ ਗੱਠਜੋੜ ਨੂੰ ਤੇਜ਼ ਕਰਨ ਅਤੇ ਸੀਰੀਆ ਵਿੱਚ ਜੋ ਕਿ ਇਸਰਾਏਲ ਦੀਆਂ ਸਰਹੱਦਾਂ ਤੋਂ ਜ਼ਿਆਦਾ ਦੂਰ ਨਹੀਂ ਹੈ, ਲੜਾਈ ਦੇ ਕੰਮ ਵਿਚ ਹਿੱਸਾ ਲੈਣ ਦੇ ਲਈ ਸ਼ਾਨਦਾਰ ਕਦਮ ਨੇ ਇਨ੍ਹਾਂ ਪ੍ਰਾਚੀਨ ਭਵਿੱਖਬਾਣੀਆਂ ਵਿੱਚ ਨਵੀਂ ਦਿਲਚਸਪੀ ਦੀ ਪ੍ਰੇਰਣਾ ਦਿੱਤੀ ਹੈ। ਇਸ ਤਰ੍ਹਾਂ ਇਸਰਾਏਲ ਦੀ ਗੋਲਾਨ ਦੇ ਪਰਬਤਾਂ ਵਿੱਚ ਤੇਲ ਦੀ ਵੱਡੀ ਮਾਤਰਾ ਵਿੱਚ ਖੋਜ, ਖੇਤਰ ਵਿੱਚ ਅਸਲ ਇਸਲਾਮ ਅਤੇ ਕਨੂੰਨੀ ਇਸਲਾਮ ਦੇ ਵਿੱਚ ਧਮਾਕਾ ਅਤੇ ਮੁਸਲਮਾਨਾਂ, ਯਹੂਦੀਆਂ ਅਤੇ ਸੰਸਾਰ ਦੇ ਮਸੀਹੀਆਂ ਵਿੱਚ ਪਰਲੋਕ ਵਿਗਿਆਨ (ਅੰਤ ਦੇ ਸਮੇਂ ਦੇ ਮਸਲਿਆਂ ਦਾ ਅਧਿਐਨ) ਦੇ ਲਈ ਦਿਲਚਸਪੀ ਦਾ ਵਾਧਾ।

- ਭਾਗ ਇੱਕ ਦੇ ਨੋਟਸ ਪੜ੍ਹਣ ਲਈ, ਇੱਥੇ ਦਬਾਓ।
- ਭਾਗ ਦੋ ਦੇ ਨੋਟਸ ਪੜ੍ਹਣ ਲਈ, ਇੱਥੇ ਦਬਾਓ।

ਜਿਵੇਂ ਮੈਂ ਆਪਣੀ ਕਲਪਨਾ ਰਹਿਤ ਪੁਸਤਕ, **Epicenter** – ਅਤੇ 2008 ਵਿੱਚ ਅੱਪਡੇਟ ਕੀਤਾ ਹੋਇਆ ਸੰਸਕਰਣ, **Epicenter 2.0** – ਮੈਂ ਵਿਆਖਿਆ ਕੀਤੀ ਹੈ ਕਿ **ਹਿਜ਼ਕੀਏਲ** 38 **ਅਤੇ** 39 ਦੀਆਂ ਭਵਿੱਖਬਾਣੀਆਂ ਬਹੁਤ ਜ਼ਿਆਦਾ ਮਹੱਤਵਪੂਰਣ ਹਨ ਪਰ ਅਕਸਰ ਇਹ ਬਚਨ ਦਾ ਉਹ ਭਾਗ ਹੈ ਜਿਸ ਨੂੰ ਅਣਦੇਖਿਆ ਕੀਤਾ ਜਾਂਦਾ ਹੈ। ਇਹ ਕੁਝ ਵਿਵਾਦਪੂਰਨ ਹੈ। ਗੰਭੀਰ ਅਤੇ ਚੰਗੇ ਆਦਰਯੋਗ ਬਾਈਬਲ ਵਿਦਵਾਨ ਇਨ੍ਹਾਂ ਭਵਿੱਖਬਾਣੀਆਂ ਦੇ ਅਨੁਵਾਦ ਕਰਨ ਬਾਰੇ ਸਹਿਮਤ ਨਹੀਂ ਹੁੰਦੇ।

ਉਦਾਹਰਣ ਲਈ ਇੱਕ ਵਿਵਾਦ **ਮਗੋਗ** ਦੀ ਪਹਿਚਾਣ ਹੈ। ਬਹੁਤ ਸਾਰੇ ਵਿਦਵਾਨ ਅਤੇ ਬਾਈਬਲ ਦੇ ਅਧਿਆਪਕ ਵਿਸ਼ਵਾਸ ਕਰਦੇ ਹਨ ਕਿ ਸਬੂਤ ਆਖਦੇ ਹਨ ਕਿ "ਮਗੋਗ" ਉਹ ਰਾਸ਼ਟਰ ਹੈ ਜਿਸ ਨੂੰ ਅੱਜ ਅਸੀਂ ਰੂਸ ਆਖਦੇ ਹਾਂ ਅਤੇ "**ਗੋਮਰ**" ਅੱਜ ਦਾ **ਤੁਰਕੀ** ਹੈ। (ਮੈਂ ਇਸ ਸਮੂਹ ਦੇ ਨਾਲ ਹਾਂ, ਇਸ ਦੇ ਕਾਰਨ ਮੈਂ *Epicenter* ਵਿੱਚ ਦਿੱਤੇ ਹਨ।) ਦੂਸਰੇ ਵਿਸ਼ਵਾਸ ਕਰਦੇ ਹਨ ਕਿ "ਮਗੋਗ" ਅਤੇ "ਗੋਮਰ" ਜੋ ਕਿ ਅੱਜ ਦੇ ਤੁਰਕੀ ਅਤੇ ਰੂਸ ਹਨ ਉਹ ਭਵਿੱਖਬਾਣੀ ਦੇ ਵਿੱਚ ਸ਼ਾਮਲ ਨਹੀਂ ਹਨ।

ਦੂਸਰਾ ਵਿਵਾਦ: ਕੁਝ ਮਸੀਹੀ ਪੁੱਛਦੇ ਹਨ ਕਿ ਰੂਸ ਦਾ ਰਾਸ਼ਟਰਪਤੀ ਵਲਾਦਮੀਰ ਪੁਤਿਨ "ਗੋਗ" ਹੈ ਜਿਸ ਦਾ ਬਾਈਬਲ ਵਿੱਚ ਵਰਣਨ ਕੀਤਾ ਗਿਆ ਹੈ। (ਮੈਂ ਸੋਚਦਾ ਹਾਂ ਕਿ ਇਸ ਤਰ੍ਹਾਂ ਦੇ ਸਿੱਟੇ ਉੱਤੇ ਪਹੁੰਚਣਾ ਬਹੁਤ ਕਾਹਲੀ ਕਰਨਾ ਹੈ, ਭਾਵੇਂ ਕਿ ਮੈਂ ਮੰਨਦਾ ਹਾਂ ਕਿ ਪੁਤਿਨ "ਗੋਗ-ਏਸਕ" ਹੀ ਹੈ।) ਕੁਝ ਮਸੀਹੀ ਹੈਰਾਨ ਹੁੰਦੇ ਹਨ ਕਿ ਤੁਰਕੀ ਦਾ ਰਾਸ਼ਟਰਪਤੀ ਰੀਸੇਪ ਟਾਯੀਪ ਏਅਰਡੋਵਾਨ (ਉਚਾਰਣ "Air-do-wan") "ਗੋਗ" ਹੈ। (ਮੈਂ ਇਹ ਨਹੀਂ ਮੰਨਦਾ, ਪਰ ਉਹ ਇਸਰਾਏਲ ਦੇ ਇੱਕ ਵੈਰੀ ਅਤੇ ਪੁਤਿਨ ਦੇ ਮਿੱਤਰ ਦੇ ਰੂਪ ਵਿੱਚ ਉਭਰ ਰਿਹਾ ਹੈ।)

ਇਨ੍ਹਾਂ ਅਧਿਐਨਾਂ ਦੀ ਲੜੀ ਵਿੱਚ ਮੇਰਾ ਮਕਸਦ ਤੁਹਾਨੂੰ ਆਪਣੇ ਵਿਚਾਰਾਂ ਨੂੰ ਮੰਨਣ ਵੱਲ ਲੈ ਜਾਣਾ ਨਹੀਂ ਹੈ, ਪਰ ਭਵਿੱਖਬਾਣੀਆਂ ਦੀ ਉੱਤਮ ਢੰਗ ਨਾਲ ਵਿਆਖਿਆ ਕਰਨਾ ਹੈ ਤਾਂ ਕਿ ਮੈਂ ਤੁਹਾਡੇ ਆਪਣੇ ਆਪ ਅਧਿਐਨ ਕਰਨ ਵਿੱਚ ਤੁਹਾਡੀ ਸਹਾਇਤਾ ਕਰ ਸਕਾਂ। ਅਸਲ ਵਿੱਚ ਮੈਂ ਮੰਨਦਾ ਹਾਂ ਕਿ ਹਿਜ਼ਕੀਏਲ 38 ਅਤੇ 39 ਦੀਆਂ ਭਵਿੱਖਬਾਣੀਆਂ ਲਈ ਬਹੁਤ ਜ਼ਿਆਦਾ ਧਿਆਨ ਨਾਲ, ਪ੍ਰਾਰਥਨਾ ਸਹਿਤ ਅਤੇ ਸਾਡੇ ਸਮੇਂ ਵਿੱਚ ਵਿਚਾਰ ਕਰਕੇ, ਅਧਿਐਨ ਕਰਨ ਦੀ ਲੋੜ ਹੈ – ਵਿਦਵਾਨਾਂ ਅਤੇ ਆਮ ਲੋਕਾਂ ਦੋਵਾਂ ਦੁਆਰਾ – ਖਾਸ ਕਰਕੇ ਹਾਲ ਦੀਆਂ ਰੁਚੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ।

ਅੱਜ ਆਪਣੇ ਅਧਿਐਨ ਵਿੱਚ, ਆਓ ਵੇਖੀਏ ਕਿ ਹਿਜ਼ਕੀਏਲ ਕੀ ਆਖਦਾ ਹੈ ਕਿ **ਇਸਰਾਏਲ ਦੇ ਦੁਸ਼ਮਣਾਂ ਨਾਲ ਕੀ ਹੋਵੇਗਾ ਜਦੋਂ ਗੋਗ ਅਤੇ ਮਗੋਗ ਦੇ ਯੁੱਧ ਦਾ ਅੰਤ ਹੋਵੇਗਾ** ਅਤੇ **ਇਸਰਾਏਲ ਅਤੇ ਯਹੂਦੀ ਲੋਕਾਂ** ਨਾਲ ਕੀ ਹੋਵੇਗਾ।

1. ਜਦੋਂ ਰੂਸੀ ਤਾਨਾਸ਼ਾਹ ਦੀਆਂ ਫੌਜਾਂ ਅਤੇ ਉਸ ਦੀ ਫੌਜੀ ਸੰਧੀਆਂ – ਜਿਸ ਵਿੱਚ ਇਰਾਨ (ਪਰਸੀਆਂ), ਲਬਿਆ ਅਤੇ ਅਲਜੀਰੀਆ (ਪੂਤ), ਸੁਡਾਨ (ਕੂਸ਼), ਤੁਰਕੀ (ਗੋਮਰ) ਅਤੇ ਹੋਰ ਇਸਲਾਮਿਕ ਦੇਸ (ਬੈਥ ਤੋਗਮਰਾ) ਸ਼ਾਮਲ ਹਨ – "ਅੰਤ ਦੇ ਦਿਨਾਂ" ਵਿੱਚ ਇਸਰਾਏਲ ਨੂੰ ਘੇਰਾ ਪਾਉਣਗੀਆਂ, ਇਬਰਾਨੀ ਨਬੀ ਹਿਜ਼ਕੀਏਲ ਆਖਦਾ ਹੈ ਕਿ ਜਦੋਂ ਇਸ ਤਰ੍ਹਾਂ ਜਾਪਦਾ ਹੋਵੇਗਾ ਕਿ ਇਸਰਾਏਲੀ ਯਹੂਦੀਆਂ ਲਈ ਕੋਈ ਆਸ ਨਹੀਂ ਹੈ ਤਾਂ ਅਬਰਾਹਾਮ, ਇਸਹਾਕ ਅਤੇ ਯਾਕੂਬ ਦਾ ਪਰਮੇਸ਼ੁਰ ਅਲੌਕਿਕ ਢੰਗ ਨਾਲ ਦਖਲ ਦੇਵੇਗਾ ਅਤੇ ਉਨ੍ਹਾਂ ਨੂੰ ਛੁਡਾਉਣ ਲਈ ਆਵੇਗਾ।
2. ਹਿਜ਼ਕੀਏਲ 38:18-19 ਦੇ ਉੱਤੇ ਧਿਆਨ ਦੇਵੋ। "ਅਤੇ ਉਸ ਦਿਨ ਐਉਂ ਹੋਵੇਗਾ ਕਿ ਜਦੋਂ ਗੋਗ ਇਸਰਾਏਲ ਦੀ ਭੂਮੀ ਉੱਤੇ ਚੜ੍ਹਾਈ ਕਰੇਗਾ ਤਾਂ ਮੇਰਾ ਗੁੱਸਾ ਜ਼ੋਰ ਨਾਲ ਚੜ੍ਹੇਗਾ, ਪ੍ਰਭੂ ਯਹੋਵਾਹ ਦਾ ਵਾਕ ਹੈ। ਕਿਉਂ ਜੋ ਮੈਂ ਆਪਣੀ ਅਣਖ ਅਤੇ ਕਹਿਰ ਦੀ ਅੱਗ ਵਿੱਚ ਬੋਲਿਆ ਹਾਂ ਕਿ ਨਿਸਚੇ ਉਸ ਦਿਹਾੜੇ ਇਸਰਾਏਲ ਦੀ ਭੂਮੀ ਤੇ ਵੱਡਾ ਭੁੰਚਾਲ ਆਵੇਗਾ"।
3. ਹਿਜ਼ਕੀਏਲ ਸਾਨੂੰ ਦੱਸਦਾ ਹੈ ਕਿ ਇਹ ਭੁਚਾਲ ਸਾਰੀ ਧਰਤੀ ਨੂੰ ਹਿਲਾ ਦੇਵੇਗਾ ਅਤੇ "ਸਾਰੇ ਆਦਮੀ ਜਿਹੜੇ ਭੂਮੀ ਤੇ ਹਨ, ਮੇਰੇ ਸਾਹਮਣੇ ਥਰ ਥਰ ਕੰਬਣਗੇ" (38:20)।
4. ਦੁਸ਼ਮਣ ਦੀਆਂ ਫੌਜਾਂ ਇਸ ਵੱਡੇ ਭੂਚਾਲ ਦੇ ਦੌਰਾਨ ਐਨੀਆਂ ਡਰ ਜਾਣਗੀਆਂ ਅਤੇ ਭਟਕ ਜਾਣਗੀਆਂ ਕਿ ਉਹ ਮੁੜਨਗੀਆਂ ਅਤੇ ਇੱਕ ਦੂਸਰੇ ਨਾਲ ਲੜਨਾ ਸ਼ੁਰੂ ਕਰ ਦੇਣਗੀਆਂ (38:21)।
5. ਭਿਆਨਕ ਬਿਮਾਰੀਆਂ (ਪਲੇਗ) ਦੁਸ਼ਮਣ ਦੀਆਂ ਫੌਜਾਂ ਦੇ ਵਿੱਚ ਫੈਲਣੀਆਂ ਸ਼ੁਰੂ ਹੋ ਜਾਣਗੀਆਂ (38:21)।
6. ਜਦੋਂ ਪਰਮੇਸ਼ੁਰ ਇਸਰਾਏਲ ਦੇ ਇਨ੍ਹਾਂ ਦੁਸ਼ਮਣਾਂ ਨੂੰ ਸਜ਼ਾ ਦਿੰਦਾ ਹੈ, ਹਿਜ਼ਕੀਏਲ ਵਿਆਖਿਆ ਕਰਦਾ ਹੈ ਕਿ ਪਰਮੇਸ਼ੁਰ "ਮੈਂ ਮਰੀ ਘੱਲ ਕੇ ਅਤੇ ਲਹੂ ਵਗਾ ਕੇ ਉਹ ਨਿਆਉਂ ਕਰਾਂਗਾ ਅਤੇ ਉਹ (ਗੋਗ) ਦੇ ਉੱਤੇ ਅਤੇ ਉਹ ਦੀ ਮਹਾਇਣ ਉੱਤੇ ਅਤੇ ਉਨ੍ਹਾਂ ਬਹੁਤ ਸਾਰੇ ਲੋਕਾਂ ਉੱਤੇ ਜਿਹੜੇ ਉਹ ਦੇ ਨਾਲ ਹਨ ਜ਼ੋਰ ਦੀ ਵਰਖਾ ਅਤੇ ਵੱਡੇ ਵੱਡੇ ਗੜੇ ਅਤੇ ਅੱਗ ਤੇ ਗੰਧਕ ਵਰ੍ਹਾਵਾਂਗਾ"। (38:22)
7. ਹਾਲੀਵੁਡ ਬਲਾਕਬਸਟਰ ਦੇ ਇੱਕ ਦ੍ਰਿਸ਼ ਵਿੱਚ, ਇਸਰਾਏਲ ਦੇ ਦੁਸ਼ਮਣਾਂ ਉੱਤੇ ਅਕਾਸ਼ ਤੋਂ ਅੱਗ ਉਤਰੇਗੀ, ਪਰਮੇਸ਼ੁਰ ਵੱਲੋਂ ਸਜ਼ਾ ਦੇ ਵਿੱਚ ਉਨ੍ਹਾਂ ਨੂੰ ਭਸਮ ਅਤੇ ਨਾਸ ਕਰ ਦੇਵੇਗੀ।
8. ਪਰਮੇਸ਼ੁਰ ਇਹ ਵੀ ਆਖਦਾ ਹੈ "ਮਾਗੋਗ ਤੇ ਅਤੇ ਸਾਗਰੀ ਟਾਪੂਆਂ ਦੇ ਵਾਸੀਆਂ ਤੇ ਜਿਹੜੇ ਨਿਚਿੰਤ ਵੱਸਦੇ ਹਨ ਅੱਗ ਘੱਲਾਂਗਾ ਅਤੇ ਓਹ ਜਾਣਨਗੇ ਕਿ ਮੈਂ ਯਹੋਵਾਹ ਹਾਂ!" (39:6) ਦੂਸਰੇ ਸ਼ਬਦਾਂ ਵਿੱਚ ਰੂਸ ਦੇ ਭਾਗ ਅਤੇ ਹੋਰ ਦੁਸ਼ਮਣ ਦੇਸ ਅਲੌਕਿਕ ਢੰਗ ਨਾਲ ਅਕਾਸ਼ ਤੋਂ ਉਤਰੀ ਅੱਗ ਦੇ ਨਾਲ ਤਹਿਸ ਨਹਿਸ਼ ਹੋ ਜਾਣਗੇ।
9. ਬਾਈਬਲ ਸਾਨੂੰ ਪੂਰੀ ਤਰ੍ਹਾਂ ਨਹੀਂ ਦੱਸਦੀ ਕਿ ਇਹ ਕਿਵੇਂ ਹੋਵੇਗਾ, ਪਰ ਇਹ ਸਪੱਸ਼ਟ ਰੂਪ ਵਿੱਚ ਵਿਆਖਿਆ ਕਰਦੀ ਹੈ ਕਿ ਇੱਕ ਅਲੌਕਿਕ ਸਜ਼ਾ ਹੋਵੇਗੀ। ਪਾਠ ਦੇ ਵਿੱਚ ਇਹ ਨਹੀਂ ਹੈ ਕਿ ਯੁੱਧ ਇਸਰਾਏਲ ਦੇ ਸੁਰੱਖਿਆ ਬਲਾਂ ਵੱਲੋਂ ਕੀਤਾ ਜਾਵੇਗਾ। ਇਹ ਇਸਰਾਏਲੀ ਹਵਾਈ ਫੌਜ ਦੀਆਂ ਮਿਸਾਈਲਾਂ ਨਹੀਂ ਜਾਪਦੀਆਂ ਹਨ। ਪਾਠ ਵਿੱਚ ਇਸ ਦਾ ਕੋਈ ਸਬੂਤ ਨਹੀਂ ਹੈ ਕਿ ਇਸਰਾਏਲੀ ਫੌਜ ਅੱਗੇ ਵਧਦੀ ਹੈ ਅਤੇ ਆਪਣੇ ਦੇਸ

ਦੀ ਆਪਣੇ ਆਪ ਰੱਖਿਆ ਕਰਦੀ ਹੈ। ਸ਼ਾਇਦ ਉਸ ਸਮੇਂ ਇਸਰਾਏਲੀ ਆਗੂ ਰਾਜਨੀਤੀ ਵਿੱਚ ਸ਼ਾਮਲ ਹੋਣਗੇ, ਰੂਸੀ ਆਗੂ ਨੂੰ ਪਿੱਛੇ ਹਟਣ ਲਈ ਮਨਾਉਣ ਦੀ ਕੋਸ਼ਿਸ਼ ਕਰਨਗੇ। ਸ਼ਾਇਦ ਇਸਰਾਏਲ ਅਮੀਰਕਾ ਅਤੇ ਯੂ. ਐਨ. ਦੇ ਹੋਰ ਦੇਸਾਂ ਤੋਂ ਆਸ ਕਰਦਾ ਹੋਵੇਗਾ ਕਿ ਉਹ ਰਾਜਨੀਤਿਕ ਢੰਗ ਨਾਲ ਦਖਲ ਦੇਣ ਜਾਂ ਉਨ੍ਹਾਂ ਨੂੰ ਬਚਾਉਣ ਲਈ ਫੌਜ ਭੇਜਣ। ਜੋ ਵੀ ਹੋਵੇ, ਪਾਠ ਇਸ ਦਾ ਸਪੱਸ਼ਟ ਸਬੂਤ ਨਹੀਂ ਦਿੰਦਾ ਕਿ ਇਸਰਾਏਲੀ ਫੌਜ ਆਪਣੇ ਦੇਸ ਨੂੰ ਬਚਾਉਣ ਲਈ ਅੱਗੇ ਵਧੇਗੀ ਅਤੇ ਦੁਸ਼ਮਣ ਨੂੰ ਹਰਾਵੇਗੀ। ਸਗੋਂ ਪਾਠ ਇਸ਼ਾਰਾ ਕਰਦਾ ਹੈ ਕਿ ਇਸਰਾਏਲ ਦਾ ਪਰਮੇਸ਼ੁਰ ਅੱਗੇ ਆਵੇਗਾ ਅਤੇ ਆਪ ਇਸਰਾਏਲ ਨੂੰ ਬਚਾਵੇਗਾ, ਅੱਗ ਅਤੇ ਘੰਧਕ ਦੁਸ਼ਮਣ ਦੀਆਂ ਫੌਜਾਂ ਉੱਤੇ ਵਰ੍ਹਾਵੇਗਾ ਅਤੇ ਉਨ੍ਹਾਂ ਨੂੰ ਨਾਸ ਕਰੇਗਾ - ਅਤੇ ਅਜਿਹਾ ਬਿਲਕੁਲ ਅੰਤ ਦੇ ਪਲ ਵਿੱਚ ਕਰੇਗਾ, ਜਦੋਂ ਸਾਰੀਆਂ ਆਸਾਂ ਜਾਂਦੀਆਂ ਰਹਿਣਗੀਆਂ।

10. ਪਰਮੇਸ਼ੁਰ ਇਸਰਾਏਲ ਦੇਸ ਨੂੰ ਬਚਾਉਣ ਲਈ ਅਤੇ ਇਸਰਾਏਲ ਦੇ ਦੁਸ਼ਮਣ ਨੂੰ ਹਰਾਉਣ ਲਈ ਕਿਉਂ ਕੰਮ ਕਰਦਾ ਹੈ? ਹਿਜ਼ਕੀਏਲ 38:22-23 ਵਿੱਚ ਪਰਮੇਸ਼ੁਰ ਸਾਨੂੰ ਸਿੱਧਾ ਦੱਸਦਾ ਹੈ - ਸਜ਼ਾ ਦੇਣ ਲਈ ਅਤੇ ਇਸਰਾਏਲ ਅਤੇ ਦੂਸਰੇ ਦੇਸਾਂ ਉੱਤੇ ਆਪਣੇ ਆਪ ਨੂੰ, ਆਪਣੀ ਮਹਿਮਾ ਅਤੇ ਸਮਰੱਥਾ ਨੂੰ ਪਰਗਟ ਕਰਨ ਲਈ। “ਮੈਂ ਮਰੀ ਘੱਲ ਕੇ ਅਤੇ ਲਹੂ ਵਗਾ ਕੇ ਉਹ (ਗੋਗ) ਦਾ ਨਿਆਉਂ ਕਰਾਂਗਾ…ਆਪਣੀ ਮਹਿਮਾ ਅਤੇ ਆਪਣੀ ਪਵਿੱਤ੍ਰਤਾ ਕਰਾਵਾਂਗਾ ਅਤੇ ਬਹੁਤ ਸਾਰੀਆਂ ਕੌਮਾਂ ਦੀਆਂ ਨਜ਼ਰਾਂ ਵਿੱਚ ਜਾਣਿਆ ਜਾਵਾਂਗਾ ਅਤੇ ਓਹ ਜਾਣਨਗੇ ਕਿ ਮੈਂ ਯਹੋਵਾਹ ਹਾਂ”।
11. ਜਦੋਂ ਅਸੀਂ “ਅੰਤ ਦੇ ਦਿਨਾਂ” (ਹਿਜ਼ਕੀਏਲ 38:16) ਬਾਰੇ ਅਤੇ ਦੂਸਰਾ ਯਿਸੂ ਦੇ ਆਉਣ ਬਾਰੇ ਜ਼ਿਆਦਾ ਗਹਿਰਾਈ ਵਿੱਚ ਜਾਂਦੇ ਹਾਂ, ਬਹੁਤ ਸਾਰੀਆਂ ਕੌਮਾਂ - ਅਤੇ ਸ਼ਾਇਦ ਸਾਰੀਆਂ ਕੌਮਾਂ - ਜੋ ਬਾਈਬਲ ਸਿਖਾਉਂਦੀ ਹੈ ਉਸ ਨੂੰ ਭੁੱਲ ਚੁੱਕੀਆਂ ਹੋਣਗੀਆਂ ਜਾਂ ਉਸ ਦਾ ਇਨਕਾਰ ਕਰ ਚੁੱਕੀਆਂ ਹੋਣਗੀਆਂ, ਜੋ ਪਰਮੇਸ਼ੁਰ ਕਰਦਾ ਹੈ, ਸੱਚਮੁੱਚ ਯਹੂਦੀ ਲੋਕਾਂ ਨੂੰ ਬਹੁਤ ਪਿਆਰ। ਬਾਈਬਲ ਦਾ ਪ੍ਰਭੂ ਪਰਮੇਸ਼ੁਰ ਇਸਰਾਏਲ ਕੌਮ ਨੂੰ ਪਿਆਰ ਕਰਦਾ ਹੈ। ਯਹੂਦੀ ਲੋਕ ਕਿਸੇ ਵੀ ਤਰ੍ਹਾਂ ਸੰਪੂਰਨ ਨਹੀਂ ਹਨ। ਫਿਰ ਵੀ ਬਾਈਬਲ ਦੱਸਦੀ ਹੈ ਕਿ ਪਰਮੇਸ਼ੁਰ ਉਨ੍ਹਾਂ ਨੂੰ ਅਜੇ ਵੀ ਪਿਆਰ ਕਰਦਾ ਹੈ ਅਤੇ ਉਨ੍ਹਾਂ ਨਾਲ ਵਾਅਦੇ ਕੀਤੇ ਹਨ ਅਤੇ ਇਹ ਕਿ ਪਰਮੇਸ਼ੁਰ ਉਨ੍ਹਾਂ ਵਾਅਦਿਆਂ ਨੂੰ ਨਿਭਾਉਣ ਦਾ ਇਰਾਦਾ ਰੱਖਦਾ ਹੈ। ਸੱਚਮੁੱਚ, ਪਰਮੇਸ਼ੁਰ ਚਾਹੁੰਦਾ ਹੈ ਕਿ ਇਸਰਾਏਲ ਜਾਣੇ ਕਿ ਉਹ ਹੈ ਅਤੇ ਉਹ ਸਰਬ ਸ਼ਕਤੀਮਾਨ ਹੈ ਅਤੇ ਉਹ ਆਪਣੇ ਚੁਣੇ ਹੋਏ ਲੋਕਾਂ ਨੂੰ ਪਿਆਰ ਕਰਦਾ ਹੈ, ਅਤੇ ਉਹ ਚਾਹੁੰਦਾ ਹੈ ਕਿ ਬਾਕੀ ਸੰਸਾਰ ਵੀ ਜਾਣੇ ਕਿ ਉਹ ਹੈ ਅਤੇ ਉਹ ਸਰਬ ਸ਼ਕਤੀਮਾਨ ਹੈ ਅਤੇ ਇਹ ਕਿ ਉਹ ਆਪਣੇ ਚੁਣੇ ਹੋਏ ਲੋਕਾਂ ਨੂੰ ਪਿਆਰ ਕਰਦਾ ਹੈ।
12. ਤਬਾਹੀ ਜੋ ਪਰਮੇਸ਼ੁਰ ਵੱਲੋਂ ਸਜ਼ਾ ਦਾ ਨਤੀਜਾ ਹੈ, ਐਨੀ ਭਿਆਨਕ ਹੈ ਕਿ ਅਧਿਆਇ 39 ਸਾਨੂੰ ਦੱਸਦਾ ਹੈ ਕਿ ਮਰੇ ਹੋਏ ਦੁਸ਼ਮਣਾਂ ਦੀਆਂ ਲਾਸ਼ਾਂ ਨੂੰ ਦਫ਼ਨਾਉਣ ਲਈ ਇਸਰਾਏਲੀਆਂ ਨੂੰ ਸੱਤ ਮਹੀਨੇ ਲੱਗਣਗੇ (39:12-16)।
13. ਹਿਜ਼ਕੀਏਲ ਸਾਨੂੰ ਦੱਸਦਾ ਹੈ ਕਿ ਇਹ ਸੱਤ ਮਹੀਨੇ ਤੋਂ ਵੀ ਜ਼ਿਆਦਾ ਲੱਗਦੇ ਪਰ ਪੰਛੀ ਅਤੇ ਜਾਨਵਰ ਬਹੁਤ ਸਾਰੀਆਂ ਲਾਸ਼ਾਂ ਨੂੰ ਖਾਣਗੇ (39:17-20)।
14. ਗੋਗ ਅਤੇ ਗੋਗ ਦੇ ਬਾਰੇ ਭਵਿੱਖਬਾਣੀਆਂ ਸਾਨੂੰ ਯਾਦ ਕਰਾਉਂਦੀਆਂ ਹਨ ਕਿ ਪਾਪ ਦੇ ਨਤੀਜੇ ਹੁੰਦੇ ਹਨ। ਉਤਪਤ 12:1-3 ਵਿੱਚ ਪਰਮੇਸ਼ੁਰ ਨੇ ਆਖਿਆ ਕਿ ਜੋ ਅਬਰਾਹਾਮ ਦੀ ਸੰਤਾਨ ਨੂੰ ਅਸੀਸ ਦੇਵੇਗਾ ਉਹ ਅਸੀਸ ਪਾਵੇਗਾ, ਪਰ ਜੋ ਉਨ੍ਹਾਂ ਨੂੰ ਸਰਾਪ ਦੇਣਗੇ ਉਹ ਸਰਾਪੀ ਹੋਣਗੇ। ਪਰਮੇਸ਼ੁਰ ਧੀਰਜਵਾਨ ਹੈ। ਉਹ ਕ੍ਰੋਧ ਕਰਨ ਵਿੱਚ ਧੀਮਾ ਹੈ। ਪਰ ਜਦੋਂ ਬਹੁਤ ਸਮਾਂ ਲੰਘ ਜਾਵੇਗਾ ਤਾਂ ਉਹ ਉਨ੍ਹਾਂ ਦੇ ਵਿਰੁੱਧ ਕੰਮ ਕਰੇਗਾ ਹੋ ਯਹੂਦੀ ਲੋਕਾਂ ਨੂ ਨਫ਼ਰਤ ਕਰਦੇ ਹਨ ਅਤੇ ਉਨ੍ਹਾਂ ਨੂੰ ਲੁੱਟਣ, ਮਾਰਨ ਅਤੇ ਨਾਸ ਕਰਨ ਦੀ ਚਾਹ ਰੱਖਦੇ ਹਨ। ਕੌਮਾਂ ਚੇਤਾਵਨੀ ਪਾਉਣ।

15. ਪਰ, ਕਹਾਣੀ ਦੇ ਵਿੱਚ ਅਜੇ ਵੀ ਬਹੁਤ ਬਾਕੀ ਹੈ। "ਗੋਗ ਅਤੇ ਮਗੋਗ ਦਾ ਯੁੱਧ" ਕੇਵਲ ਨਿਆਂ ਦਾ ਦਿਨ ਹੀ ਨਹੀਂ ਹੋਵੇਗਾ; ਇੱਕ ਵੱਡੀ ਦਯਾ ਦਾ ਦਿਨ ਵੀ ਹੋਵੇਗਾ। ਬਾਈਬਲ ਆਖਦੀ ਹੈ ਕਿ ਇਨ੍ਹਾਂ ਦੁਸ਼ਮਣਾਂ ਦੀਆਂ ਫੌਜਾਂ ਨਾਸ ਹੋ ਜਾਣਗੀਆਂ। ਇੱਥੇ ਅਤੇ ਹੋਰ ਪਾਠਾਂ (ਯਿਰਮਿਯਾਹ 43, ਉਦਾਹਰਣ) ਵਿੱਚ ਸੰਕੇਤ ਹਨ ਕਿ ਇਨ੍ਹਾਂ ਦੇਸਾਂ ਦੀਆਂ ਸਰਕਾਰਾਂ ਦਾ ਵੀ ਨਿਆਂ ਕੀਤਾ ਜਾਵੇਗਾ। ਪਰ ਪਰਮੇਸ਼ੁਰ ਇਨ੍ਹਾਂ ਦੁਸ਼ਮਣ ਦੇਸਾਂ ਦੇ ਸਾਰੇ ਹੀ ਲੋਕਾਂ ਨੂੰ ਨਹੀਂ ਮਿਟਾਵੇਗਾ। ਹਿਜ਼ਕੀਏਲ 39:21 – "ਅਤੇ ਮੈਂ ਕੌਮਾਂ ਵਿਚਕਾਰ ਆਪਣੀ ਮਹਿਮਾ ਕਾਇਮ ਕਰਾਂਗਾ ਅਤੇ ਸਾਰੀਆਂ ਕੌਮਾਂ ਮੇਰੇ ਨਿਆਉਂ ਨੂੰ ਅਤੇ ਮੇਰੇ ਹੱਥ ਨੂੰ ਜਿਹੜਾ ਮੈਂ ਉਨ੍ਹਾਂ ਨੂੰ ਪਾਇਆ ਵੇਖਣਗੀਆਂ"।
16. ਇਸ ਆਇਤ ਨੂੰ ਧਿਆਨ ਨਾਲ ਵੇਖੋ। ਪਾਠ ਆਖਦਾ ਹੈ ਕਿ "ਸਾਰੀਆਂ" ਕੌਮਾਂ ਪਰਮੇਸ਼ੁਰ ਦੀ ਮਹਿਮਾ ਅਤੇ ਨਿਆਂ ਨੂੰ "ਵੇਖਣਗੀਆ"। ਅੱਜ, ਅਸੀਂ ਮਨੁੱਖੀ ਇਤਿਹਾਸ ਦੀ ਪਹਿਲੀ ਅਜਿਹੀ ਪੀੜ੍ਹੀ ਵਿੱਚ ਰਹਿੰਦੇ ਹਾਂ ਜਿੱਥੇ ਟੈਲੀਵਿਯਨ ਦੀ ਤਕਨੀਕ ਦੇ ਕਾਰਨ ਹਰ ਦੇਸ ਦੇ ਲੋਕ ਆਪਣੀਆਂ ਅੱਖਾਂ ਨਾਲ ਬਾਈਬਲ ਦੀਆਂ ਭਵਿੱਖਬਾਣੀਆਂ ਨੂੰ ਪੂਰਾ ਹੁੰਦੇ ਵੇਖ ਸਕਣਗੇ। ਜਦੋਂ ਰੂਸ ਅਤੇ ਇਰਾਨ ਦੀਆ ਫੌਜਾਂ ਇਸਰਾਏਲ ਨੂੰ ਘੇਰਾ ਪਾਉਣਗੀਆਂ, ਸੰਸਾਰ ਇਸ ਨੂੰ ਟੈਲੀਵਿਯਨ ਉੱਤੇ ਹੁੰਦਾ ਵੇਖ ਸਕੇਗਾ। ਜਦੋਂ ਅਕਾਸ਼ ਤੋਂ ਅੱਗ ਦੁਸ਼ਮਣ ਦੀਆਂ ਫੌਜਾਂ ਉੱਤੇ ਉਤਰੇਗੀ, ਸੰਸਾਰ ਇਸ ਨੂੰ ਟੈਲੀਵਿਯਨ ਉੱਤੇ ਵੇਖ ਸਕੇਗਾ। ਹਰੇਕ ਜਿਸ ਦੇ ਕੋਲ ਟੈਲੀਵਿਯਨ ਹੈ ਉਹ ਮਨੁੱਖੀ ਇਤਿਹਾਸ ਦੇ ਵਿੱਚ ਪਰਮੇਸ਼ੁਰ ਦੇ ਸਮਰੱਥੀ ਹੱਥ ਨੂੰ ਇਸਰਾਏਲ ਦੇ ਦੁਸ਼ਮਣਾਂ ਉੱਤੇ ਸਜ਼ਾ ਲਿਆਉਣ ਲਈ ਅਤੇ ਇਸਰਾਏਲ, ਯਹੂਦੀ ਅਤੇ ਅਰਬੀ ਦੋਵਾਂ ਉੱਤੇ, ਦਯਾ ਕਰਨ ਲਈ ਵਧਦਾ ਵੇਖ ਸਕੇਗਾ। ਇਹ ਇੱਕ ਨਾਟਕੀ ਪਲ ਹੋਵੇਗਾ, ਅਤੇ "ਸਾਰੀਆਂ ਕੌਮਾਂ" ਪਰਮੇਸ਼ੁਰ ਦੀ ਮਹਿਮਾ ਅਤੇ ਸਮਰੱਥਾ ਨੂੰ "ਵੇਖਣਗੀਆਂ"।
17. ਨਤੀਜੇ ਵਜੋਂ, ਮੈਂ ਮੰਨਦਾ ਹਾਂ ਕਿ ਹਿਜ਼ਕੀਏਲ 38–39 ਅਸਲ ਇਸਲਾਮ ਅਤੇ ਕਨੂੰਨੀ ਇਸਲਾਮ ਦੇ ਅੰਤ ਦੀ ਵਿਆਖਿਆ ਕਰਦਾ ਹੈ – ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸਾਰੇ ਇਸਲਾਮ ਦਾ ਅੰਤ – ਜਿਵੇਂ ਅਸੀਂ ਇਸ ਨੂੰ ਜਾਣਿਆ ਹੈ। ਜਦੋਂ ਇਸਰਾਏਲ ਦਾ ਪਰਮੇਸ਼ੁਰ ਇਸਲਾਮ ਅਤੇ ਰੂਸੀ ਫੌਜਾਂ ਨੂੰ ਅਲੌਕਿਕ ਢੰਗ ਨਾਲ ਨਾਸ ਕਰਦਾ ਹੈ ਅਤੇ ਮੁਸਲਿਮ ਅਲ ਜ਼ਜ਼ੀਰਾ ਅਤੇ ਹੋਰ ਚੈਨਲਾਂ ਉੱਤੇ ਇਸ ਨੂੰ ਵੇਖਦੇ ਹੋਣਗੇ, ਤਾਂ ਮੁਸਲਿਮ ਉਸ ਦਿਨ ਤੋਂ ਬਾਅਦ ਕਿਵੇਂ ਜਾਗ ਉੱਠਣਗੇ ਅਤੇ ਵਿਸ਼ਵਾਸ ਕਰਨਗੇ ਕਿ ਕੁਰਾਨ ਪਰਮੇਸ਼ੁਰ ਦਾ ਸੱਚਾ ਬਚਨ ਹੈ ਅਤੇ ਮੁਹੰਮਦ ਇੱਕ ਸੱਚਾ ਨਬੀ ਹੈ? ਘੋਗ ਅਤੇ ਮਗੋਗ ਦੇ ਯੁੱਧ ਦੇ ਨਤੀਜੇ ਵਜੋਂ, ਵੱਡੀ ਗਿਣਤੀ ਵਿੱਚ ਮੁਸਲਿਮ ਇਸਲਾਮ ਨੂੰ ਤਿਆਗ ਦੇਣਗੇ। ਉਹ ਆਪਣੀਆਂ ਅੱਖਾਂ ਦੇ ਸਾਹਮਣੇ ਆਪਣੇ ਦੇਵਤਿਆਂ ਅਤੇ ਨਬੀਆਂ ਨੂੰ ਇਸਰਾਏਲ ਦੇ ਪਰਮੇਸ਼ੁਰ ਤੋਂ ਹਾਰੇ ਹੋਏ ਵੇਖ ਚੁੱਕੇ ਹੋਣਗੇ। ਨਤੀਜੇ ਵਜੋਂ ਇਸਲਾਮ ਵਿੱਚ ਉਨ੍ਹਾਂ ਦਾ ਵਿਸ਼ਵਾਸ ਖਿੰਡ ਜਾਵੇਗਾ। ਬਹੁਤ ਸਾਰੇ ਮੁੜਨਗੇ ਅਤੇ ਯਿਸੂ ਮਸੀਹ ਉੱਤੇ ਵਿਸ਼ਵਾਸ ਕਰਨਗੇ। ਬਿਨ੍ਹਾਂ ਸ਼ੱਕ ਸਾਰੇ ਨਹੀਂ, ਪਰ ਬਹੁਤ ਸਾਰੇ ਕਿਉਂਕਿ ਉਹ ਪਰਮੇਸ਼ੁਰ ਦੇ ਬਚਨ ਨੂੰ ਆਪਣੇ ਸਾਹਮਣੇ ਪੂਰਾ ਹੁੰਦਾ ਵੇਖ ਚੁੱਕੇ ਹੋਣਗੇ ਅਤੇ ਬਚਨ ਪਰਮੇਸ਼ੁਰ ਸੀ ਅਤੇ ਬਚਨ ਪਰਮੇਸ਼ੁਰ ਹੈ ਅਤੇ ਬਚਨ ਦੇਹਧਾਰੀ ਹੋਇਆਂ ਅਤੇ ਸਾਡੇ ਵਿਚਕਾਰ ਡੇਰਾ ਲਾਇਆ ਅਤੇ ਉਸ ਦਾ ਨਾਮ ਯਿਸੂ ਮਸੀਹ ਹੈ। (ਯੂਹੰਨਾ ਅਧਿਆਇ 1)
18. ਇਸ ਲਈ, ਗੋਗ ਅਤੇ ਮਗੋਗ ਦਾ ਯੁੱਧ ਮੁਸਲਮਾਨਾਂ ਦਾ ਯਿਸੂ ਮਸੀਹ ਉੱਤੇ ਵਿਸ਼ਵਾਸ ਲਿਆਉਣ ਲਈ ਚੌਦਾਂ ਸਦੀਆਂ ਵਿੱਚ ਨਾਟਕੀ ਪਲ ਹੋ ਜਾਵੇਗਾ।
19. ਇਸਰਾਏਲੀ ਬਹੁਤ ਜ਼ਿਆਦਾ ਡਰੇ ਹੋਏ ਅਤੇ ਇਕੱਲੇ ਮਹਿਸੂਸ ਕਰਨਗੇ ਜਦੋਂ ਸੰਕਟ ਉੱਠਦਾ ਅਤੇ ਪਰਗਟ ਹੁੰਦਾ ਹੈ, ਉਦੋਂ ਤੱਕ ਜਦੋਂ ਪਰਮੇਸ਼ੁਰ ਆਪਣਾ ਸਮਰੱਥੀ ਹੱਥ ਨਹੀਂ ਵਿਖਾਉਂਦਾ। ਪਰ ਉਸ ਸਮੇਂ ਜਦੋਂ ਉਹ ਆਪਣੇ ਦੁਸ਼ਮਣਾਂ ਦਾ ਨਿਆਂ ਵੇਖਣਗੇ, ਤਦ ਉਹ ਜੋ ਨਾਸਤਿਕ ਹਨ ਉਹ ਵੀ ਜਾਣ ਲੈਣਗੇ ਕਿ ਸਵਰਗ ਦੇ ਵਿੱਚ ਪਰਮੇਸ਼ੁਰ ਹੈ।

20. ਹਿਜ਼ਕੀਏਲ 39:22 ਉੱਤੇ ਧਿਆਨ ਦੇਵੋ – "ਅਤੇ ਇਸਰਾਏਲ ਦਾ ਘਰਾਣਾ ਜਾਣੇਗਾ ਕਿ ਉਸ ਦਿਨ ਤੋਂ ਲੈ ਕੇ ਅੱਗੇ ਨੂੰ ਮੈਂ ਹੀ ਯਹੋਵਾਹ ਉਨ੍ਹਾਂ ਦਾ ਪਰਮੇਸ਼ਰ ਹਾਂ!"
21. ਹਿਜ਼ਕੀਏਲ 39:25-26, 28 ਉੱਤੇ ਧਿਆਨ ਦੇਵੋ – "ਏਸ ਲਈ ਪ੍ਰਭੂ ਯਹੋਵਾਹ ਐਉਂ ਫਰਮਾਉਂਦਾ ਹੈ,— ਹੁਣ ਮੈਂ ਯਾਕੂਬ ਨੂੰ ਅਸੀਰੀ ਤੋਂ ਫੇਰ ਲਿਆਵਾਂਗਾ ਅਤੇ ਇਸਰਾਏਲ ਦੇ ਸਾਰੇ ਘਰਾਣੇ ਤੇ ਤਰਸ ਖਾਵਾਂਗਾ ਅਤੇ ਆਪਣੇ ਪਵਿੱਤਰ ਨਾਮ ਦੇ ਲਈ ਅਣਖੀ ਹੋਵਾਂਗਾ। ਅਤੇ ਓਹ ਆਪਣੀ ਨਮੋਸ਼ੀ ਅਤੇ ਸਾਰੇ ਛਲ ਜਿਨ੍ਹਾਂ ਕਰਕੇ ਓਹ ਮੇਰੇ ਅਪਰਾਧੀ ਹੋਏ ਚੁੱਕਣਗੇ, ਜਦੋਂ ਓਹ ਆਪਣੀ ਭੂਮੀ ਉੱਤੇ ਨਿਚਿੰਤ ਵੱਸਣਗੇ, ਤਾਂ ਕੋਈ ਉਨ੍ਹਾਂ ਨੂੰ ਨਾ ਡਰਾਵੇਗਾ…ਤਦ ਓਹ ਜਾਣਨਗੇ ਕਿ ਮੈਂ ਯਹੋਵਾਹ ਉਨ੍ਹਾਂ ਦਾ ਪਰਮੇਸ਼ਰ ਹਾਂ! ਏਸ ਲਈ ਕਿ ਮੈਂ ਉਨ੍ਹਾਂ ਨੂੰ ਕੌਮਾਂ ਦੇ ਵਿਚਕਾਰ ਅਸੀਰੀ ਵਿੱਚ ਘੱਲਿਆ ਅਤੇ ਮੈਂ ਹੀ ਉਨ੍ਹਾਂ ਨੂੰ ਉਨ੍ਹਾਂ ਦੀ ਭੂਮੀ ਵਿੱਚ ਇਕੱਠਾ ਕੀਤਾ ਅਤੇ ਉਨ੍ਹਾਂ ਵਿੱਚੋਂ ਇੱਕ ਨੂੰ ਵੀ ਉੱਥੇ ਨਾ ਛੱਡਾਂਗਾ"।
22. ਇਸਰਾਏਲੀਆਂ ਅਤੇ ਯਹੂਦੀਆਂ ਦਾ ਨਾਸਤਿਕਵਾਦ ਸਦਾ ਲਈ ਖਤਮ ਹੋ ਜਾਵੇਗਾ।
23. ਇਸ ਸਭ ਤੋਂ ਵਧ ਕੇ ਪਰਮੇਸ਼ੁਰ ਆਖਦਾ ਹੈ ਕਿ ਅੱਗੇ ਤੋਂ ਉਹ ਯਹੂਦੀ ਲੋਕਾਂ ਤੋਂ ਆਪਣਾ ਚਿਹਰਾ ਨਹੀਂ ਛੁਪਾਵੇਗਾ ਅਤੇ ਇਹ ਕਿ ਉਹ ਆਪਣਾ ਪਵਿੱਤਰ ਆਤਮਾ ਯਹੂਦੀ ਲੋਕਾਂ ਉੱਤੇ ਵਹਾਵੇਗਾ। "ਅਤੇ ਮੈਂ ਫੇਰ ਕਦੀ ਉਨ੍ਹਾਂ ਤੋਂ ਆਪਣਾ ਮੂੰਹ ਨਾ ਲੁਕਾਵਾਂਗਾ ਜਦ ਮੈਂ ਆਪਣਾ ਆਤਮਾ ਇਸਰਾਏਲ ਦੇ ਘਰਾਣੇ ਉੱਤੇ ਵਾਹਾਵਾਂਗਾ, ਪ੍ਰਭੂ ਯਹੋਵਾਹ ਦਾ ਵਾਕ ਹੈ"। (39:29)
24. ਨਤੀਜੇ ਵਜੋਂ ਬਹੁਤੇ ਯਹੂਦੀ ਯਿਸੂ ਮਸੀਹ, ਪਰਮੇਸ਼ੁਰ ਦੇ ਪੁੱਤਰ, ਸੰਸਾਰ ਦੇ ਮੁਕਤੀਦਾਤਾ ਉੱਤੇ ਵਿਸ਼ਵਾਸ ਕਰਨਗੇ, ਕਿਉਂਕਿ ਇਹ ਪਵਿੱਤਰ ਆਤਮਾ ਦੀ ਭੂਮਿਕਾ ਹੈ ਕਿ ਉਹ ਯਿਸੂ ਦੀ ਸੱਚੀ ਪਹਿਚਾਣ ਲੋਕਾਂ ਉੱਤੇ ਪਰਗਟ ਕਰੇ। ਯਿਸੂ ਨੇ ਯੂਹੰਨਾ 14:26 ਵਿੱਚ ਆਖਿਆ "ਪਰ ਉਹ ਸਹਾਇਕ ਅਰਥਾਤ ਪਵਿੱਤਰ ਆਤਮਾ ਜਿਹ ਨੂੰ ਪਿਤਾ ਮੇਰੇ ਨਾਮ ਉੱਤੇ ਘੱਲੇਗਾ ਸੋ ਤੁਹਾਨੂੰ ਸੱਭੋ ਕੁਝ ਸਿਖਾਲੇਗਾ ਅਤੇ ਸੱਭੋ ਕੁਝ ਜੋ ਮੈਂ ਤੁਹਾਨੂੰ ਆਖਿਆ ਤੁਹਾਨੂੰ ਚੇਤੇ ਕਰਾਵੇਗਾ"। (ਯੂਹੰਨਾ 16:13-15 ਵੀ ਵੇਖੋ।) ਉਸ ਸਮੇਂ ਸਾਰੇ ਯਹੂਦੀ ਯਿਸੂ ਉੱਤੇ ਵਿਸ਼ਵਾਸ ਨਹੀਂ ਕਰਨਗੇ, ਪਰ ਬਹੁਤ ਸਾਰੇ ਕਿਉਂਕਿ ਪਿਤਾ ਆਪਣਾ ਪਵਿੱਤਰ ਆਤਮਾ ਇਸਰਾਏਲ ਦੇ ਘਰਾਣੇ ਉੱਤੇ ਵਹਾਵੇਗਾ।
25. ਜਦੋਂ ਕਿ ਅਸੀਂ ਜਾਣਦੇ ਹਾਂ ਇਹ ਘਟਨਾਵਾਂ "ਅੰਤ ਦੇ ਦਿਨਾਂ" ਵਿੱਚ ਹੋਣਗੀਆਂ (38:16), ਅਸੀਂ ਇਹ ਤੈਅ ਨਹੀਂ ਕਰ ਸਕਦੇ ਕਿ "ਗੋਗ ਅਤੇ ਮਗੋਗ ਦਾ ਯੁੱਧ" ਉਠਾਏ ਜਾਣ (ਜਦੋਂ ਪਰਮੇਸ਼ੁਰ ਅਚਾਨਕ ਨਵਾਂ ਜਨਮ ਪਾਏ ਵਿਸ਼ਵਾਸੀਆਂ ਨੂੰ ਜੋ ਯਿਸੂ ਵਿੱਚ ਹਨ ਉਠਾ ਲਵੇਗਾ, ਬਿਪਤਾ ਤੋਂ ਪਹਿਲਾਂ) ਤੋਂ ਪਹਿਲਾਂ ਹੋਵੇਗਾ ਜਾਂ ਨਹੀਂ, ਕਿਉਂਕਿ ਪਾਠ ਸਾਨੂੰ ਇੱਕ ਢੰਗ ਨਾਲ ਜਾਂ ਹੋਰ ਢੰਗ ਨਾਲ ਨਹੀਂ ਦੱਸਦਾ।
26. ਜੋ ਕਿਹਾ ਗਿਆ ਹੈ, ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਬਹੁਤ ਸੰਭਵ ਹੈ – ਨਿਸ਼ਚਿਤ ਨਹੀਂ, ਪਰ ਬਹੁਤ ਸੰਭਵ – ਕਿ ਇਹ ਘਟਨਾਵਾਂ ਇਸ ਪੀੜ੍ਹੀ ਦੇ ਵਿੱਚ ਪਰਗਟ ਹੋਣਗੀਆਂ ਅਤੇ ਸੰਭਵ ਹੈ ਕਿ ਬਹੁਤ ਜਲਦੀ। ਅਸੀਂ ਨਿਸ਼ਚਿਤ ਹੀ ਹਿਜ਼ਕੀਏਲ 38-39 ਦੇ ਅਨੁਸਾਰ ਭੂ ਰਾਜਨੀਤਿਕ ਘਟਨਾਵਾਂ ਨੂੰ ਪਰਗਟ ਹੁੰਦੇ ਵੇਖਦੇ ਹਾਂ।
27. ਇਸ ਲਈ, ਜੋ ਸਾਨੂੰ ਸਭ ਤੋਂ ਮਹੱਤਵਪੂਰਣ ਪ੍ਰਸ਼ਨ ਪੁੱਛਣਾ ਚਾਹੀਦਾ ਹੈ: ਜਦੋਂ ਕਿ ਹਿਜ਼ਕੀਏਲ 38:7 ਵਿੱਚ ਪਰਮੇਸ਼ੁਰ ਨੇ ਦੱਸਿਆ ਕਿ ਇਸਰਾਏਲ ਦਾ ਵੈਰੀ "ਗੋਗ" "ਤਿਆਰ ਹੁੰਦਾ ਹੈ," ਤਾਂ ਇਸਰਾਏਲੀ ਆਪ ਅਤੇ ਇਸਰਾਏਲ ਦੇ ਮਿੱਤਰ ਉਸ ਸਮੇਂ ਕੀ ਕਰਦੇ ਹੋਣਗੇ? ਕੀ ਸਾਨੂੰ ਵੀ ਤਿਆਰ ਹੋਣਾ ਨਹੀਂ ਚਾਹੀਦਾ – ਆਤਮਿਕ, ਭਾਵਨਾਤਮਿਕ, ਸਰੀਰਕ, ਆਰਥਿਕ ਅਤੇ ਹਰੇਕ ਸੰਭਵ ਢੰਗ ਵਿੱਚ, ਗੋਗ ਅਤੇ ਮਗੋਗ ਦੇ ਯੁੱਧ ਦੇ ਆਉਣ ਲਈ?
28. ਸਾਰੀ ਬਾਈਬਲ ਵਿੱਚ ਇਹ ਭਵਿੱਖਬਾਣੀਆਂ ਅੰਤ ਦੇ ਸਮੇਂ ਦੀਆਂ ਸਭ ਤੋਂ ਦਿਲਚਸਪ ਅਤੇ ਮਹੱਤਵਪੂਰਣ ਵਿਆਖਿਆਵਾਂ ਹਨ। ਬਦਕਿਸਮਤੀ ਨਾਲ ਸੰਸਾਰ ਵਿੱਚ ਬਹੁਤ ਹੀ ਘੱਟ ਲੋਕ ਇਨ੍ਹਾਂ ਦੇ ਬਾਰੇ ਜਾਗਰੂਕ ਹਨ ਜਾਂ

ਇਨ੍ਹਾਂ ਬਾਰੇ ਪੜ੍ਹਿਆ ਹੈ, ਬਹੁਤ ਹੀ ਘੱਟ ਨੇ ਉਨ੍ਹਾਂ ਦਾ ਧਿਆਨ ਨਾਲ ਅਧਿਐਨ ਕੀਤਾ ਹੈ। ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ ਅਤੇ ਤੁਹਾਡੇ ਉੱਤੇ ਆਪਣੇ ਆਪ ਨੂੰ ਅਤੇ ਆਪਣੇ ਦਿਲ ਨੂੰ ਪਰਗਟ ਕਰੇ ਜਦੋਂ ਤੁਸੀਂ ਆਪਣੇ ਆਪ ਨੂੰ ਆਉਣ ਵਾਲੀਆਂ ਭਵਿੱਖਬਾਣੀਆਂ ਲਈ ਤਿਆਰ ਕਰਦੇ ਹੋ।

ਸਾਡੇ ਅਗਲੇ ਅਧਿਐਨ ਵਿੱਚ, ਮੈਂ ਇਨ੍ਹਾਂ ਭਵਿੱਖਬਾਣੀਆਂ ਜਾਂ ਨਬੂਵਤਾਂ ਬਾਰੇ ਆਮ ਤੌਰ ਤੇ ਪੁੱਛੇ ਜਾਣ ਵਾਲੇ ਕੁਝ ਪ੍ਰਸ਼ਨਾਂ ਦਾ ਉੱਤਰ ਦੇਵਾਂਗਾ।

--------